

# ਮਹਿਕ-ਏ-ਵਤਨ

# Mehak E Wattan

Monthly Newspaper



Hardev Brar
Chief Editor

• Vol-II • Issue- 7 • Phone : +64,274-427-338 +64 09 3900004 • mehakewattan@gmail.com • July 2024

03
ਵਿਸ਼ਵ ਦੀਆਂ 325 ਕੰਪਨੀਆਂ ਨੂੰ ਪਛਾੜਦਿਆਂ ਕਤਰ ਏਅਰਲਾਈਨਜ਼ ਪਹਿਲੇ ਸਥਾਨ 'ਤੇ



06
ਭਾਰਤ 17 ਸਾਲ ਬਾਅਦ ਮੁੜ ਬਣਿਆ T-20 ਵਿਸ਼ਵ ਚੈਂਪੀਅਨ



12
ਸੁਦੇਸ਼ ਕਪੂਰ



14
ਟਾਟਾ ਫਿਰ ਤੋਂ ਬਣਿਆ ਭਾਰਤ ਦਾ ਸਭ ਤੋਂ ਵੈਲਿਊਏਬਲ ਬ੍ਰਾਂਡ




## ਕੁਦਰਤੀ ਰੋਸ਼ਨੀਆਂ ਨਾਲ ਰੋਸ਼ਨਾਇਆ ਨਿਊਜੀਲੈਂਡ ਦਾ ਆਕਾਸ਼



ਆਕਲੈਂਡ - ਇਸ ਹਫਤੇ ਨਿਊਜੀਲੈਂਡ ਦੇ ਆਕਾਸ਼ ਵਿੱਚ ਦੂਜੀ ਵਾਰ ਸ਼ਾਨਦਾਰ ਕੁਦਰਤੀ ਰੋਸ਼ਨੀਆਂ ਦਾ ਨਜਾਰਾ ਦੇਖਣ ਨੂੰ ਮਿਲਿਆ ਹੈ ਤੇ ਇਸ ਦੀ ਗਵਾਹੀ ਹਜਾਰਾਂ ਨਿਊਜੀਲੈਂਡ ਵਾਸੀਆਂ ਵਲੋਂ ਭਰੀ ਗਈ ਹੈ। ਬਹੁਤਿਆਂ ਨੇ ਤਾਂ ਇਸ ਸ਼ਾਨਦਾਰ ਨਜਾਰੇ ਨੂੰ ਆਪਣੇ ਕੈਮਰਿਆਂ ਵਿੱਚ ਵੀ ਕੈਦ ਕੀਤਾ। ਨਿਊਜੀਲੈਂਡ ਦੇ ਵਿਗਿਆਨੀਆਂ ਨੇ ਭਵਿੱਖਬਾਣੀ ਕੀਤੀ ਹੈ ਕਿ ਇਸੇ ਸਾਲ ਹੋਰ ਅਜਿਹੇ ਕੁਦਰਤੀ ਨਜਾਰੇ ਦੇਖਣ ਨੂੰ ਮਿਲਣਗੇ, ਜਿਨ੍ਹਾਂ ਲਈ ਭਵਿੱਖਬਾਣੀ ਸਮੇਂ-ਸਮੇਂ 'ਤੇ ਕੀਤੀ ਜਾਏਗੀ। ਉਰੋਰਾ ਆਸਟ੍ਰੇਲੀਜ਼ ਐਨ ਜੈਡ ਫੇਸਬੁੱਕ ਪੇਜ 'ਤੇ ਤਾਂ ਇਨ੍ਹਾਂ ਬੀਤੀ ਰਾਤ ਦੇ ਸ਼ਾਨਦਾਰ ਨਜਾਰਿਆਂ ਦੀਆਂ 494827 ਫੋਟੋਆਂ ਅਪਲੋਡ ਕੀਤੀਆਂ ਗਈਆਂ।

## ਸ਼ੇਨ ਰੇਤੀ ਨੇ ਨੌਰਥ ਸ਼ੋਰ ਹਸਪਤਾਲ ਦੀ ਇਮਾਰਤ ਦਾ ਕੀਤਾ ਉਦਘਾਟਨ

ਸ਼ੇਨ ਰੇਤੀ ਨੇ ਨੌਰਥ ਸ਼ੋਰ ਹਸਪਤਾਲ ਦੀ ਇਮਾਰਤ ਦਾ ਕੀਤਾ ਉਦਘਾਟਨ

ਸਿਹਤ ਮੰਤਰੀ ਡਾ: ਸ਼ੇਨ ਰੀਤੀ ਨੇ ਅੱਜ ਆਕਲੈਂਡ ਦੇ ਨੌਰਥ ਸ਼ੋਰ ਹਸਪਤਾਲ ਕੈਂਪਸ ਵਿੱਚ ਦੇਸ਼ ਦੀ ਸਭ ਤੋਂ ਨਵੀਂ ਹਸਪਤਾਲ ਦੀ ਸਹੂਲਤ, ਤੋਤਾਰਾ ਹਊਮਾਰੂ ਨੂੰ ਅਧਿਕਾਰਤ ਤੌਰ 'ਤੇ ਖੋਲ੍ਹਿਆ। ਪਹਿਲੇ ਮਰੀਜ਼ਾਂ ਦਾ ਭਲਕੇ 150 ਬਿਸਤਰਿਆਂ ਵਾਲੀ ਸਹੂਲਤ ਵਿੱਚ ਸਵਾਗਤ ਕੀਤਾ ਜਾਵੇਗਾ।

ਨਵੀਂ ਸਹੂਲਤ ਨੂੰ ਖੋਲ੍ਹਣ ਵਿੱਚ, ਡਾ: ਰੀਤੀ ਨੇ ਸਵੀਕਾਰ ਕੀਤਾ ਕਿ ਨਵੀਂ ਇਮਾਰਤ ਪੂਰੇ ਖੇਤਰ ਅਤੇ ਇਸ ਤੋਂ ਬਾਹਰ ਦੇ ਮਹੱਤਵਪੂਰਨ ਲਾਭ ਲਿਆਏਗੀ, ਅਤੇ ਇਹ ਯੋਜਨਾਬੱਧ ਦੇਖਭਾਲ ਉਡੀਕ ਸੂਚੀਆਂ ਵਿੱਚ ਯੋਗਦਾਨ ਪਾਵੇਗੀ। ਉਸ ਦੀਆਂ ਭਾਵਨਾਵਾਂ ਦੀ ਗੂੰਜ ਹੈਲਥ ਨਿਊਜ਼ੀਲੈਂਡ ਦੇ ਨੌਰਥ ਸ਼ੋਰ ਹਸਪਤਾਲ ਦੇ ਸੰਚਾਲਨ ਨਿਰਦੇਸ਼ਕ ਬ੍ਰੈਡ ਹੀਲੀ ਨੇ ਕੀਤੀ।

ਇਹ ਇੱਕ ਸ਼ਾਨਦਾਰ ਸਹੂਲਤ ਹੈ ਜਿਸ ਵਿੱਚ ਨਾ ਸਿਰਫ ਦੇਸ਼ ਵਿੱਚ ਕੁਝ ਸਭ ਤੋਂ ਆਧੁਨਿਕ ਕਲੀਨਿਕਲ ਸਹੂਲਤਾਂ ਹਨ ਬਲਕਿ ਸਾਡੇ ਲੋਕਾਂ ਦੁਆਰਾ ਮਰੀਜ਼ਾਂ ਅਤੇ ਉਨ੍ਹਾਂ ਦੇ ਲਈ ਇੱਕ ਸੁਆਗਤ ਕਰਨ ਵਾਲਾ ਮਾਹੌਲ ਪ੍ਰਦਾਨ ਕਰਨ ਲਈ ਸੋਚ-ਸਮਝ ਕੇ ਡਿਜ਼ਾਈਨ ਕੀਤਾ ਗਿਆ ਹੈ।

ਸਮੇਂ ਦੇ ਨਾਲ, ਇਹ ਸ਼ਾਨਦਾਰ ਨਵੀਂ ਸਹੂਲਤ ਹੈਲਥ ਙ਼ਗ ਨੂੰ ਉੱਤਰੀ ਖੇਤਰ ਲਈ ਯੋਜਨਾਬੱਧ ਦੇਖਭਾਲ ਉਡੀਕ ਸੂਚੀਆਂ ਨੂੰ ਘਟਾਉਣ ਵਿੱਚ





ਸਹਾਇਤਾ ਕਰੇਗੀ। ਅਸੀਂ ਘੱਟੋ-ਘੱਟ ਹਮਲਾਵਰ ਪ੍ਰਕਿਰਿਆਵਾਂ ਲਈ ਇੱਕ ਕੇਂਦਰ ਬਣ ਕੇ ਇਸ ਨੂੰ ਪ੍ਰਾਪਤ ਕਰਾਂਗੇ ਕਿਉਂਕਿ ਤੋਤਾਰਾ ਹਊਮਾਰੂ ਉੱਤਰੀ ਖੇਤਰ ਵਿੱਚ ਰੋਬੋਟਿਕ ਤੌਰ 'ਤੇ ਸਹਾਇਤਾ ਪ੍ਰਾਪਤ ਸਰਜਰੀਆਂ ਦੀ ਡਿਲਿਵਰੀ 'ਤੇ ਵਿਸਤਾਰ ਕਰਦਾ ਹੈ।

Rubal Singh

Ray White




No. 1
RAY WHITE MANUKAU
2020-2021

Rubal Singh
021 333 350
rubal.singh@raywhite.com
www.rubalsingh.co.nz

Ray White Manukau | AT Realty Limited Licensed (REAA 2008)

## ਪੁਕੀਕੁਹੀ ਸ਼ਾਪਿੰਗ ਡਿਸਟ੍ਰੀਕਟ ਵਿਖੇ ਪੁਲਿਸ ਨੇ ਇਲਾਕਾ ਕੀਤਾ ਸੀਲ



ਆਕਲੈਂਡ - ਪੁਕੀਕੂਹੀ ਦੇ ਮੈਨੂਕਾਊ ਰੋਡ ਸਥਿਤ ਸ਼ਾਪਿੰਗ ਡਿਸਟ੍ਰੀਕਟ ਵਿਖੇ ਸੰਦੇਹਜਣਕ ਵਸਤੂ ਮਿਲਣ ਤੋਂ ਬਾਅਦ ਪੁਲਿਸ ਨੇ ਇਲਾਕੇ ਨੂੰ ਸੀਲ ਕਰ ਦਿੱਤਾ ਹੈ ਤੇ ਲੋਕਾਂ ਨੂੰ ਇਲਾਕੇ ਤੋਂ ਦੂਰ ਰਹਿਣ ਲਈ ਕਿਹਾ ਗਿਆ ਹੈ। ਦਰਅਸਲ ਇੱਕ ਕਰਮਚਾਰੀ ਨੂੰ ਕੂੜੇਦਾਨ ਵਿੱਚ ਕੁਝ ਸੰਦੇਹਜਣਕ ਦਿਖਿਆ ਸੀ ਜਿਸ ਤੋਂ ਬਾਅਦ ਪੁਲਿਸ ਨੂੰ ਸੂਚਿਤ ਕੀਤਾ ਗਿਆ।

ਮੌਕੇ 'ਤੇ ਪੁਲਿਸ ਦੀਆਂ 4-5 ਗੱਡੀਆਂ ਪੁੱਜੀਆਂ ਦੱਸੀਆਂ ਜਾ ਰਹੀਆਂ ਹਨ।

MPS Surgery Ltd

Services Provided:
* Adult and child Medical Care
* Minor Accident Care
* Minor Surgery
* Repeat Prescriptions
* Lab results
* Liquid Nitrogen
* Immunisation
* Cervical Screening
* ECG
* Travel Advice/Immunisations
* Well Child/Tamariki Oral Health Checks - Birth to Three Years,
* Immigration Medicals for New Zealand.

General Practitioner - Dr. Mohinder Pal Singh
ਤੁਹਾਡੀ ਆਪਣੀ ਭਾਸ਼ਾ ਬੋਲਣ ਵਾਲੇ ਡਾਕਟਰ

44 Mason Avenue Otahuhu, Auckland 1062
Open : Monday - Friday
09:00 AM - 5:30 PM
(Last appointment of the day is taken half an hour before closing time.)
Phone No. : (09) 276 7111
Email Id: admin@mpssurgery.co.nz

# ਸਿਡਨੀ ਵਿੱਚ ਨੌਜਵਾਨਾਂ ਨੇ 'ਆਪ' ਆਗੂ ਕਰਨ ਕਟਾਰੀਆਂ ਦਾ ਕੀਤਾ ਸਵਾਗਤ



ਸਿਡਨੀ :- ਆਸਟ੍ਰੇਲੀਆ ਫੇਰੀ ਦੌਰਾਨ ਸਿਡਨੀ ਵਿੱਚ ਕਰਨ ਕਟਾਰੀਆ ਦਾ ਨੌਜਵਾਨਾਂ ਵੱਲੋਂ ਸਵਾਗਤ ਕੀਤਾ ਗਿਆ।

ਕਰਨ ਕਟਾਰੀਆ ਨੇ ਇਸ ਮੌਕੇ ਕਿਹਾ ਕਿ ਆਪਣੀ ਜਨਮ ਭੂਮੀ ਛੱਡ ਵਿਦੇਸ਼ਾਂ ਵਿੱਚ ਮਿਹਨਤ ਕਰ ਰਹੇ ਨੌਜਵਾਨ ਆਪਣੇ ਦੇਸ਼, ਇਲਾਕੇ ਅਤੇ ਪਿੰਡ ਦਾ ਨਾਮ ਰੌਸ਼ਨ ਕਰ ਰਹੇ ਹਨ।

ਇਨ੍ਹਾਂ ਦੀ ਮਿਹਨਤ ਨੂੰ ਸਲਾਮ ਹੈ ਦਿਨ ਰਾਤ ਸ਼ਿਫਟਾਂ ਕਰ ਕੇ ਜੋ ਆਪਣੇ ਪਿੰਡ ਦੀ ਤਰੱਕੀ ਵਿੱਚ ਵੀ ਆਪਣਾ ਯੋਗਦਾਨ ਪਾ ਰਹੇ ਹਨ। ਬਲਾਚੌਰ ਹਲਕੇ ਨਾਲ ਸੰਬੰਧਤ ਨੌਜਵਾਨਾਂ ਵੱਲੋਂ ਉਹਨਾਂ ਨੂੰ ਆਸਟ੍ਰੇਲੀਆ ਆਇਆ ਤੇ ਫੁੱਲਾਂ ਦਾ ਗੁਲਦਸਤਾ ਦੇ ਕੇ ਸਵਾਗਤ ਕੀਤਾ।

ਇਸ ਮੌਕੇ ਚਰਨਪ੍ਰਤਾਪ ਟਿੰਕੂ, ਮਨੀ ਰੁੜਕੀ, ਦੀਪ ਬੱਗੂਵਾਲ, ਮੋਹਿਤ ਨਵਾਂਗਰਾਂ, ਬੱਲੀ ਕੰਧੋਲਾ, ਲੱਵਪ੍ਰੀਤ ਸੰਧੂ, ਹੈਰੀ ਕਲੇਰ, ਹੈਪੀ ਆਸਟ੍ਰੇਲੀਆ, ਸਾਹਿਲਦੀਪ ਕੰਬੋਜ, ਸ਼ਾਮਾ ਗੜਸ਼ੰਕਰ, ਨੀਟਾ ਗੜਸ਼ੰਕਰ, ਸੀਪੂ ਆਸਟ੍ਰੇਲੀਆ, ਅਮਨ ਸਿੰਘ, ਹਰਫ਼ਤਿਹ ਸਿੰਘ, ਰੌਬਿਨ ਖਹਿਰਾ, ਬਿਨੇ ਜਲੰਧਰ, ਗੋਲਡੀ ਸੰਧੂ, ਹੁਸਨ ਸੰਧੂ, ਬਿੰਦਰ ਕਰੀਮਪੁਰ ਆਦੀ ਮੌਜੂਦ ਸਨ।

# Mount Ruapehu 'ਤੇ ਚੜ੍ਹਦੇ ਸਮੇਂ ਹੇਠਾਂ ਡਿੱਗਣ ਕਾਰਨ ਮਹਿਲਾ ਦੀ ਮੌਤ



ਮਾਊਂਟ ਰੂਪੇਹੂ 'ਤੇ ਅੱਜ 1 ਵੱਡੀ ਘਟਨਾ ਵਾਪਰੀ ਹੈ। ਦਰਅਸਲ ਸ਼ਨੀਵਾਰ ਸਵੇਰੇ ਮਾਊਂਟ ਰੂਪੇਹੂ 'ਤੇ ਚੜ੍ਹਦੇ ਸਮੇਂ ਵਾਪਰੀ ਘਟਨਾ ਕਾਰਨ ਇਕ ਔਰਤ ਦੀ ਮੌਤ ਹੋ ਗਈ। ਪੁਲਿਸ ਦਾ ਕਹਿਣਾ ਹੈ ਕਿ ਲੋਕਾਂ ਦਾ ਇੱਕ ਸਮੂਹ ਵਾਂਗੇਹੂ ਹੱਟ ਦੇ ਨੇੜੇ ਮਾਉਂਟ ਰੁਏਪੇਹੂ ਦੇ ਪੂਰਬੀ ਪਾਸੇ 'ਤੇ ਚੜ੍ਹ ਰਿਹਾ ਸੀ, ਜਦੋਂ ਸਮੂਹ ਵਿੱਚੋਂ ਇੱਕ ਔਰਤ ਸਵੇਰੇ 11 ਵਜੇ ਦੇ ਕਰੀਬ ਤਿਲਕ ਗਈ ਅਤੇ ਹੇਠਾਂ ਡਿੱਗ ਗਈ।

ਸਾਰਜੈਂਟ ਸ਼ੇਨ ਮੈਕਨਲੀ ਨੇ ਕਿਹਾ ਕਿ ਔਰਤ ਨੂੰ ਉਚਾਈ ਤੋਂ ਡਿੱਗਣ ਤੋਂ ਬਾਅਦ "ਗੰਭੀਰ ਸੱਟਾਂ" ਲੱਗੀਆਂ ਸੀ।

ਐਮਰਜੈਂਸੀ ਸੇਵਾਵਾਂ, ਗ੍ਰੀਨਲੀਆ ਬਚਾਅ ਹੈਲੀਕਾਪਟਰ, ਰੁਏਪੇਹੂ ਅਲਪਾਈਨ ਬਚਾਅ ਸੰਗਠਨ ਦੇ ਮੈਂਬਰਾਂ ਅਤੇ ਟੂਕੀਨੋ ਸਕੀ ਫੀਲਡ ਸਟਾਫ ਨੇ ਤੁਰੰਤ ਘਟਨਾ ਦਾ ਜਵਾਬ ਦਿੱਤਾ ਸੀ। ਅਫ਼ਸੋਸ ਦੀ ਗੱਲ ਹੈ ਕਿ, ਉਨ੍ਹਾਂ ਦੀਆਂ ਪੂਰੀਆਂ ਕੋਸ਼ਿਸ਼ਾਂ ਦੇ ਬਾਵਜੂਦ ਜ਼ਖਮੀ ਔਰਤ ਨੂੰ ਬਚਾਇਆ ਨਹੀਂ ਜਾ ਸਕਿਆ ਤੇ ਮਹਿਲਾ ਦੀ ਮੌਕੇ 'ਤੇ ਹੀ ਮੌਤ ਹੋ ਗਈ ਸੀ।

GTB
Horticulture Ltd
Our Commitment - Your Relief

ਫਾਰਮ ਵਿੱਚ ਕੰਮ ਕਰਨ ਲਈ
ਵਰਕਰਾਂ ਦੀ ਜ਼ਰੂਰਤ ਹੈ
ਵਧੀਆ ਤਨਖਾਹ ਦਿੱਤੀ ਜਾਵੇਗੀ।
Pickup & Drop Off Available
Manpreet Singh Dhaliwal 021 147 1502
Manpreet Singh Batth 020 4057 2327
Email: gtb.horticulture@gmail.com

Chill Out
INDIAN RESTAURANT & BAR
Takeaway Menu
OPEN 7 DAYS
SUN-WED : 12PM - 9:30PM
THU-SAT : 12PM - 10:30PM
CHILL OUT SPECIAL
ANY FULL CHICKEN / VEG CURRY + RICE + NAAN $15.99 TAKEAWAY ONLY
COMBO MEAL DEAL
ANY FULL CURRY + RICE + NAAN + DRINK CAN $20.99 TAKEAWAY ONLY
(Including Lamb, Goat & Seafood)
Available on
09 845 6936
Shop 12, 945 A, New North Road, Mt. Albert, Auckland - 1025
chilloutindianbar@gmail.com
www.chilloutindian.co.nz
www.chilloutindianrestaurandbar.co.nz








# ਵਿਸ਼ਵ ਦੀਆਂ 325 ਕੰਪਨੀਆਂ ਨੂੰ ਪਛਾੜਦਿਆਂ ਕਤਰ ਏਅਰਲਾਈਨਜ਼ ਪਹਿਲੇ ਸਥਾਨ 'ਤੇ

ਮੈਲਬੋਰਨ - ਪਿਛਲੇ ਦਿਨੀਂ ਲੰਦਨ ਵਿੱਚ ਹੋਏ ਇੱਕ ਪ੍ਰਭਾਵਸ਼ਾਲੀ ਸਮਾਗਮ ਦੌਰਾਨ ਕਤਰ ਏਅਰਵੇਜ਼ ਨੇ ਪਿਛਲੇ ਸਾਲ ਦੀ ਜੇਤੂ ਹਵਾਈ ਕੰਪਨੀ ਸਿੰਗਾਪੁਰ ਏਅਰਲਾਈਨਜ਼ ਨੂੰ ਪਛਾੜਦਿਆਂ ਸਾਲ 2024 ਲਈ ਦੁਨੀਆ ਦੀ ਸਰਵੋਤਮ ਏਅਰਲਾਈਨ ਦਾ ਖਿਤਾਬ ਹਾਸਿਲ ਕੀਤਾ ਹੈ। ਹਵਾਬਾਜ਼ੀ ਖੇਤਰ ਵਿੱਚ ਆਸਕਰ ਐਵਾਰਡ ਵਾਂਗ ਜਾਣੇ ਜਾਂਦੇ ਇਸ ਵੱਕਾਰੀ ਸਨਮਾਨ ਨੂੰ ਹਾਸਲ ਕਰਨ ਲਈ ਇੰਗਲੈਂਡ ਦੀ ਸੰਸਥਾ 'ਸਕਾਈਟਰੈਕ' ਵੱਲੋਂ ਕਰਵਾਏ ਗਏ ਸਰਵੇਖਣ ਵਿੱਚ ਪੂਰੇ ਵਿਸ਼ਵ ਦੀਆਂ 325 ਹਵਾਈ ਕੰਪਨੀਆਂ ਦੇ ਨੁਮਾਇੰਦਿਆਂ ਨੇ ਹਿੱਸਾ ਲਿਆ ਜਿਸ ਦੌਰਾਨ ਖਾੜੀ ਮੁਲਕ ਕਤਰ ਨਾਲ ਸੰਬੰਧਿਤ ਇਸ ਹਵਾਈ ਕੰਪਨੀ ਨੂੰ ਵਡਮੁੱਲਾ ਮਾਣ ਹਾਸਲ ਹੋਇਆ ਹੈ। ਸਰਵੇਖਣ ਵਿੱਚ ਸਿੰਗਾਪੁਰ ਏਅਰਲਾਈਨਜ਼ ਨੂੰ ਦੂਜਾ, ਪ੍ਰਸਿੱਧ ਏਅਰਲਾਈਨਜ਼ ਐਮੀਰੇਟਸ ਨੂੰ ਤੀਜਾ, ਦੇਸ਼ ਜਪਾਨ ਦੀ ਐਨਾ ਏਅਰਵੇਜ਼ ਨੂੰ ਚੌਥਾ ਅਤੇ ਕੈਥੇ ਪੈਸਿਫਿਕ ਨੂੰ ਪੰਜਵਾਂ ਦਰਜਾ ਹਾਸਿਲ ਹੋਇਆ ਹੈ।

ਸਤੰਬਰ 2023 ਤੋਂ ਮਈ 2024 ਦਰਮਿਆਨ ਕਰਵਾਏ ਗਏ ਇਸ ਆਨ ਲਾਈਨ ਸਰਵੇਖਣ ਵਿੱਚ ਤਕਰੀਬਨ 100 ਤੋਂ ਜਿਆਦਾ ਦੇਸ਼ਾਂ ਦੇ ਲੋਕਾਂ ਨੇ ਆਪਣੀ ਰਾਏ ਸ਼ੁਮਾਰ ਕੀਤੀ ਸੀ। ਇਹ ਸਰਵੇ ਯਾਤਰੀਆਂ ਦੀ ਸਫ਼ਰ ਦੌਰਾਨ ਸੰਤੁਸ਼ਟੀ, ਬਿਹਤਰੀਨ ਸੇਵਾਵਾਂ, ਹਵਾਈ ਕੰਪਨੀਆਂ ਦੀ ਪਾਰਦਰਸ਼ਤਾ ਅਤੇ ਸੁਤੰਤਰ ਤੌਰ ਤੇ ਕੰਮ-ਕਾਜ ਦੇ ਤਰੀਕੇ 'ਤੇ ਆਧਾਰਿਤ ਸੀ।

ਆਸਟ੍ਰੇਲੀਆ ਦੀ ਪ੍ਰਸਿੱਧ ਹਵਾਈ ਕੰਪਨੀ 'ਕੁਆਂਟਸ' ਪਿਛਲੇ ਸਾਲ ਦੀ ਦਰਜਾਬੰਦੀ ਤੋਂ ਖਿਸਕ ਕੇ 24 ਵੇਂ ਦਰਜੇ ਤੇ ਪਹੁੰਚ ਗਈ ਜਦਕਿ ਵਰਜਿਨ ਆਸਟ੍ਰੇਲੀਆ ਨੂੰ 54 ਵਾਂ ਅਤੇ ਜੈੱਟ ਸਟਾਰ ਨੂੰ 74 ਵਾਂ ਸਥਾਨ ਮਿਲਿਆ ਹੈ। ਭਾਰਤੀ ਹਵਾਈ ਕੰਪਨੀ 'ਇੰਡੀਗੋ' ਨੂੰ ਇਸ ਸ਼੍ਰੇਣੀ ਵਿੱਚ 52ਵਾਂ ਅਤੇ ਏਅਰ ਇੰਡੀਆ ਨੂੰ 90 ਵਾਂ ਸਥਾਨ ਹਾਸਲ ਹੋਇਆ ਹੈ।



Mehak E wattan

Monthly Newspaper

•Issue-7 • July 2024
•mehakewattan@gmail.com

**Mehak-E-Wattan Team**

**Chief Editor:**
**Hardev Singh Brar**
+64274427338
+64093900004
mehakewattan@gmail.com

**Associate Editor:**
**Jaswinder Kaur Brar**
+64212558338
brarnz@gmail.com

**All Representatives :**
**Gurdeep Singh (Kala Brar)**
+64222786226
kalabrar@gmail.com

**Hardev Mahinangal**
+00642102612568

**Jatinder Brar (Australia)**
+61421370020
jatinderjitbrar@yahoo.com.au

**Sukhkiran Gill. (U.S.A)**
+1 4803492641

**Jasvir. Singh Dhillon. (Germany)**
+491776742031

**Manjit Gill (CANADA)**
+1 4166691379

**Editor from India:**
**Jatinder Panjtoori**
+91 9914109949
Jatindernz@hotmail.com

**Designer & Reporter from Punjab, India:**
**Jaspreet Kaur, Barnala**

**Disclaimer**

Mehak-E-Wattan, LLC is not responsible for any claims made by advertisers nor does it endorse any product or services advertised in the paper. For concerns or questions related to these advertisements, please contact the business directly.

Mehak-E-Wattan, LLC also does not endorse any views presented by volunteer writers. Those views are solely of the author and bear no indication to the views of Mehak-E-Wattan.

**For sale inquiries:**
mehakewattan@gmail.com

**For additional inquires/comments:**
mehakewattan@gmail.com

## ਜੀਵਨ ਇਤਿਹਾਸ

# ਅਕਾਲੀ ਫੂਲਾ ਸਿੰਘ

ਲੇਖਕ: ਬਾਬਾ ਪ੍ਰੇਮ ਸਿੰਘ ਹੋਤੀ ਮਰਦਾਨ

---------------------------

(ਪਿਛਲੇ ਅੰਕ ਤੋਂ ਅੱਗੇ)

### ਕਸ਼ਮੀਰ 'ਤੇ ਚੜ੍ਹਾਈ

ਜਨਰਲ ਦੀਵਾਨ ਚੰਦ ਨੇ ਆਪਣਾ ਤੋਪਖ਼ਾਨਾ ਹੋਰ ਅੱਗੇ ਵਧਾਕੇ ਇੱਕ ਉੱਚੀ ਥਾਂ ਪਰ ਬੀੜਵਾ ਦਿੱਤਾ ਤੇ ਸਖ਼ਤ ਗੋਲਾਵਰੀ ਵੈਰੀ 'ਤੇ ਕਰਨੀ ਅਰੰਭ ਦਿੱਤੀ। ਜਬਾਰ ਖ਼ਾਨ ਵੀ ਕੋਈ ਅਨਜਾਨ ਨਹੀਂ ਸੀ ਕਿ ਸੌਖਾ ਜਿਹਾ ਕਾਬੂ ਆ ਜਾਂਦਾ। ਉਸ ਨੇ ਐਸੇ ਪੱਕੇ ਪੱਧਰਾ ਦੇ ਮੋਰਚੇ ਤਿਆਰ ਕਰਵਾਏ ਹੋਏ ਸਨ ਕਿ ਸਾਰਾ ਦਿਨ ਬਰਾਬਰ ਤੋਪਾਂ ਦੇ ਚਲਦਿਆਂ ਵੀ ਅਫ਼ਗਾਨੀ ਫ਼ੌਜ ਜ਼ਰਾ ਵੀ ਆਪਣੀ ਥਾਂ ਤੋਂ ਪਿੱਛੇ ਨਾ ਹਟੀ। ਹੁਣ ਦੀਵਾਨ ਚੰਦ ਨੇ ਫੇਰ ਵੀ ਆਪਣੀ ਉੱਥੋਂ ਤੋਪਖ਼ਾਨਾ ਹਟਾਕੇ ਕੁਝ ਹੋਰ ਅੱਗੇ ਕਰਨਾ ਚਾਹਿਆ। ਅਜੇ ਇਹ ਇਨ੍ਹਾਂ ਤਿਆਰੀਆਂ ਵਿੱਚ ਹੀ ਸੀ ਕਿ ਜਬਾਰ ਖ਼ਾਨ ਨੇ ਇਹ ਸਮਾਂ ਅਮਲੋਕ ਜਾਣਕੇ ਝੱਟ ਇੱਕ ਜ਼ਬਰਦਸਤ ਅਫ਼ਗਾਨੀ ਦਸਤੇ ਨੂੰ ਨਾਲ ਲੈਕੇ ਤੋਪਖਾਨੇ 'ਤੇ ਇਕ ਅੰਨ੍ਹਾ ਹੱਲਾ ਕਰ ਦਿੱਤਾ, ਜਿਸਦਾ ਸਿੱਟਾ ਇਹ ਨਿਕਲਿਆ ਕਿ ਦੀਵਾਨ ਚੰਦ ਦੇ ਤੋਪਖ਼ਾਨੇ ਦੀਆਂ ਤਿੰਨ ਤੋਪਾਂ ਉਸ ਨੇ ਆਪਣੇ ਕਾਬੂ ਵਿੱਚ ਕਰ ਲਈਆ, ਜਿਸ ਕਰਕੇ ਦੀਵਾਨ ਚੰਦ ਦਾ ਦਸਤਾ ਕੁੱਝ ਪਿੱਛੇ ਹਟਿਆ।



ਅਕਾਲੀ ਫੂਲਾ ਸਿੰਘ ਨੇ ਜਦ ਅਫ਼ਗਾਨੀ ਫ਼ੌਜ ਨੂੰ ਅੱਗੇ ਵੱਧਦਾ ਡਿੱਠਾ ਤਾਂ ਉਸੇ ਵੇਲੇ ਆਪਣੇ ਜੱਥੇ ਸਮੇਤ ਸੱਜੇ ਪਾਸੇ ਤੋਂ ਦੁਸ਼ਮਨ 'ਤੇ ਟੁੱਟ ਪਿਆ ਤੇ ਅਫ਼ਗਾਨਾ ਨਾਲ ਗੁੱਥਮਗੁੱਥਾ ਹੋ ਕੇ ਓਹ ਤਲਵਾਰ ਕੜਕਾਈ ਕਿ ਖੇਤ ਲਹੂ ਲੁਹਾਨ ਹੋ ਗਿਆ। ਜ਼ਬਾਰ ਖ਼ਾਨ ਇਸ ਸਮੇਂ ਖ਼ੂਬ ਦਿਲ ਖੋਲ੍ਹਕੇ ਬਹਾਦਰੀ ਨਾਲ ਲੜਿਆ, ਪਰ ਅਕਾਲੀਆਂ ਦੇ ਅਗਾਧ ਜੋਸ਼ ਅੱਗੇ ਅਫ਼ਗਾਨ ਦੀ ਕੁੱਝ ਵੀ ਪੇਸ਼ ਨਾ ਚੱਲ ਸਕੀ ਤੇ ਘਬਰਾ ਕੇ ਮੂੰਹ ਦੀ ਸੇਧੇ ਭੱਜ ਨੱਠੇ। ਇਸ ਸਮੇਂ ਓਹ ਭਾਜੜ ਪਈ ਕਿ ਅਫ਼ਗਾਨਾ ਆਪਣਾ ਸਾਰਾ ਜੰਗੀ ਸਮਾਨ, ਰਸਤ ਰਸਾਨੀ, ਗੋਲਾ-ਬਾਰੂਦ, ਬੇਸ਼ੁਮਾਰ ਹਥਿਆਰ, ਘੋੜੇ ਤੇ ਊਂਠ ਆਦਿ ਮੈਦਾਨ ਵਿੱਚ ਹੀ ਛੱਡ ਗਏ, ਜੋ ਸਾਰੇ ਦਾ ਸਾਰਾ ਖ਼ਾਲਸੇ ਦੇ ਹੱਥ ਆਇਆ। ਇਸ ਲੜਾਈ ਵਿਚ ਅਫ਼ਗਾਨਾਂ ਦਾ ਭਾਰੀ ਨੁਕਸਾਨ ਹੋਇਆ, ਜਿਨ੍ਹਾਂ ਵਿੱਚ ਸਰਦਾਰ ਮੇਹਰ ਦਿਲ ਖ਼ਾਨ ਤੇ ਮੀਰ ਅਖੋਰ ਸਮਦ ਖ਼ਾਨ ਮੈਦਾਨ ਵਿੱਚ ਮਾਰੇ ਗਏ। ਸਰਦਾਰ ਜ਼ਬਾਰ ਖ਼ਾਨ ਖ਼ੁਦ ਸਖ਼ਤ ਫੱਟੜ ਹੋ ਗਿਆ ਤੇ ਬੜੀ ਔਖ ਨਾਲ ਜਾਨ ਬਚਾ ਕੇ ਨੱਠਾ, ਜੋ ਭਿੰਬਰ ਦੇ ਪਹਾੜਾਂ ਵਿੱਚ ਧੱਕੇ ਖਾਂਦਾ ਹੋਇਆ ਮਸੇਂ ਕਿਤੇ ਜਾ ਕੇ ਪਿਸ਼ਾਵਰ ਅੱਪੜਿਆ। ਖ਼ਾਲਸਾ ਫ਼ੌਜ ਨੇ ਨਾਲ ਹੀ ਕਿਲ੍ਹਾ ਸ਼ੇਰ ਗੜ੍ਹੀ ਤੇ ਹੋਰ ਚੌਕੀਆਂ ਵੀ ਫ਼ਤਹ ਕਰ ਲਈਆ ਤੇ ਹੁਣ ਸਾਰੇ ਕਸ਼ਮੀਰ 'ਤੇ ਖ਼ਾਲਸੇ ਦਾ ਪੂਰਾ-ਪੂਰਾ ਕਬਜ਼ਾ ਹੋ ਗਿਆ।

2 ਹਾੜ ਸੰਮਤ 1876 (4 ਜੁਲਾਈ 1819) ਸੰਨ 1819 ਨੂੰ ਖ਼ਾਲਸੇ ਦਾ ਦਲ ਬੜੀ ਭਾਰੀ ਧੂਮਧਾਮ[1] ਨਾਲ ਬ਼ਗੈਰ ਕਿਸੇ ਲੁੱਟ ਮਾਰ ਦੇ ਸ਼ਹਿਰ ਸ਼੍ਰੀ ਨਗਰ ਵਿੱਚ ਦਾਖਲ ਹੋਇਆ।

ਮਹਾਰਾਜਾ ਰਣਜੀਤ ਸਿੰਘ ਨੂੰ ਉਸੇ ਦਿਨ ਕਸ਼ਮੀਰ ਦੀ ਫ਼ਤਹਿ ਦੀ ਵਧਾਈ ਭੇਜੀ ਗਈ, ਆਪ ਦੀਆਂ ਖ਼ੁਸ਼ੀਆਂ ਦੀ ਕੋਈ ਹੱਦ ਨਹੀਂ ਸੀ ਜਦ ਆਪ ਨੇ ਇਹ ਖ਼ੁਸਖ਼ਬਰੀ ਸੁਣੀ।

ਮਹਾਰਾਜਾ ਸਾਹਿਬ ਉੱਥੋਂ ਹੀ ਸਿੱਧੇ ਸ੍ਰੀ ਅੰਮ੍ਰਿਤਸਰ ਸਾਹਿਬ ਜੀ ਪਹੁੰਚੇ ਤੇ ਸ੍ਰੀ ਦਰਬਾਰ ਸਾਹਿਬ ਆ ਕੇ ਬੇਅੰਤ ਗਫੇ ਗੁਰਦੁਆਰਿਆਂ ਦੀ ਟਹਿਲੇ ਲਈ ਅਰਦਾਸੇ ਕਰਵਾਏ। ਤਿੰਨਾਂ ਦਿਨਾਂ ਤੱਕ ਸਾਰੇ ਸ਼ਹਿਰ ਵਿੱਚ ਦੀਪਮਾਲਾ ਕੀਤੀ ਗਈ, ਬਜ਼ਾਰ ਸਜਾਏ ਗਏ ਤੇ ਆਮ ਖ਼ੁਸ਼ੀਆ ਮਨਾਈਆਂ ਗਈਆਂ। ਮਹਾਰਾਜਾ ਸਾਹਿਬ ਜਦ ਲਾਹੌਰ ਆਏ ਤਾਂ ਉਸਤੋਂ ਵੀ ਵੱਧ ਜਲਸੇ ਮਨਾਏ, ਤੇ ਹਜ਼ਾਰਾ ਰੁਪਏ ਖੁੱਲੇ ਦਿਲ ਨਾਲ ਕਈ ਦਿਨਾਂ ਤੱਕ ਬਰਾਬਰ ਵੰਡੀਦੇ ਰਹੇ, ਮਹਾਰਾਜਾ ਸਾਹਿਬ ਨੇ ਫ਼ਕੀਰ ਅਜ਼ੀਜ਼ੁੱਦੀਨ ਨੂੰ ਕਸ਼ਮੀਰ ਦੀ ਆਬੋ ਹਵਾ (ਜਲ ਪੌਣ) ਦੇ ਮਲੂਮ ਕਰਨ ਲਈ ਕਸ਼ਮੀਰ ਭੇਜਿਆ।

ਕੁੱਝ ਦਿਨਾਂ ਕੇ ਮਗਰੋ ਮੋਤੀ ਰਾਮ, ਦੀਵਾਨ ਮੁੱਹਕਮ ਚੰਦ ਦੇ ਪੁੱਤ੍ਰ ਨੂੰ ਕਸ਼ਮੀਰ ਦਾ ਆਪਣਾ ਪਹਿਲਾ ਗਵਰਨਰ ਥਾਪਿਆ। ਸ਼ਾਹਜ਼ਾਦਾ ਖੜਗ ਸਿੰਘ, ਅਕਾਲੀ ਫੂਲਾ ਸਿੰਘ ਤੇ ਜਨਰਲ ਦੀਵਾਨ ਚੰਦ ਨੂੰ ਜਦ ਲਾਹੌਰ ਤਾਂ ਬੜਾ ਲੰਮਾ ਹਾਥੀਆਂ ਦਾ ਜਲੂਸ ਦਾ ਸਾਰੇ ਸ਼ਹਿਰ ਵਿੱਚ ਫਿਰਾਇਆ ਗਿਆ ਤੇ ਥਾਉ-ਥਾਈਂ ਹਜ਼ਾਰਾਂ ਰੁਪਏ ਇਹਨਾਂ ਦੇ ਸਿਰਾਂ ਤੋਂ ਵਾਰੇ ਗਏ। ਮਹਾਰਾਜਾ ਸਾਹਿਬ ਨੇ ਇਨ੍ਹਾਂ ਦੋਹਾਂ ਬਹਾਦਰ ਯੋਧਿਆ ਨੂੰ ਗਲ ਨਾਲ ਲਾਇਆ ਤੇ ਐਨੀ ਪ੍ਰਸੰਨਤਾ ਪ੍ਰਗਟ ਕੀਤੀ ਕਿ ਜਿਸਦੀ ਕੋਈ ਹੱਦ ਨਹੀਂ ਸੀ। ਖ਼ਾਸ ਕਰਕੇ ਅਕਾਲੀ ਜੀ ਤੋਂ ਕਸ਼ਮੀਰ ਦੇ ਲੋਕਾਂ ਪਰ ਹੋ ਰਹੇ ਜ਼ੁਲਮ ਦਾ ਸਮਾਚਾਰ ਤੇ ਜੰਗ ਸੰਬੰਧੀ ਖ਼ਬਰਾਂ ਮੁੜ-ਮੁੜਕੇ ਪੁੱਛਦੇ ਰਹੇ। ਇਸ ਸਮੇਂ ਮਹਾਰਾਜਾ ਸਾਹਿਬ ਅਕਾਲੀ ਫੂਲਾ ਸਿੰਘ ਦੀ ਬਹਾਦਰੀ ਤੇ ਅਦੁੱਤੀ ਕੌਮੀ ਜੋਸ਼ ਪਰ ਐਸੇ ਮੋਹਤ ਹੋਏ ਕਿ ਅਕਾਲੀ ਜੀ ਨੂੰ ਅੱਗੋ ਤੋਂ ਸਦਾ ਆਪਣੇ ਪਾਸ[2] ਲਾਹੌਰ ਵਿੱਚ ਰਹਿਣ ਲਈ ਬੜਾ ਜ਼ੋਰ ਲਾਇਆ, ਪਰ ਅਕਾਲੀ ਜੀ ਨੇ ਜੋ ਸਦਾ ਸੁਤੰਤ੍ਰ ਤੇ ਗੁਰੂ ਦੀ ਨਗਰੀ ਵਿੱਚ ਰਹਿਣਾ ਹੀ ਪਸੰਦ ਕਰਦੇ ਸੀ, ਬੜੇ ਪਿਆਰ ਨਾਲ ਮਹਾਰਾਜਾ ਸਾਹਿਬ ਨੂੰ ਆਖਿਆ ਕਿ ਅਸੀਂ ਹਰ ਵਕਤ ਆਪ ਦੇ ਪਾਸ ਹੀ ਹਾਂ, ਜਦ ਯਾਦ ਕਰੋਗੇ ਹਾਜ਼ਰ ਹੋ ਜਾਇਆ ਕਰਾਂਗੇ, ਪਰ ਸ੍ਰੀ ਅੰਮ੍ਰਿਤਸਰ ਜੀ ਤੋਂ ਬਾਹਰ ਰਹਿਣ ਨੂੰ ਜੀ ਨਹੀਂ ਮੰਨਦਾ। ਮਹਾਰਾਜਾ ਸਾਹਿਬ ਨੇ ਫੇਰ ਕਿਹਾ, ਪਰ ਅਕਾਲੀ ਜੀ ਨੇ ਅੰਮ੍ਰਿਤਸਰ ਸਾਹਿਬ ਲਈ ਜ਼ੋਰ ਦਿੱਤਾ, ਜੋ ਛੇਕੜ ਮਹਾਰਾਜਾ ਸਾਹਿਬ ਨੂੰ ਮੰਨਣਾ ਹੀ ਪਿਆ। ਫਿਰ ਬੜੀ ਧੂਮ ਧਾਮ ਨਾਲ ਲਾਹੌਰ ਤੋਂ ਵਿਦਿਆ ਹੋਕੇ ਸ੍ਰੀ ਅੰਮ੍ਰਿਤਸਰ ਜੀ ਆ ਗਏ।

### ਮੋਰ ਕਰਾਫ਼ਟ ਦੇ ਸਫ਼ਰਨਾਮੇ ਪਰ ਵਿਚਾਰ

ਕਨਿੰਘਮ ਮੋਰ ਕਰਾਫ਼ਟ ਦੇ ਸਫ਼ਰਨਾਮੇ ਦਾ ਹਵਾਲਾ ਦੇਂਦਾ ਹੋਇਆ ਲਿਖਦਾ ਹੈ ਕਿ,"ਅਕਾਲੀ ਫੂਲਾ ਸਿੰਘ ਮੋਰ ਕਰਾਫ਼ਟ ਨੂੰ ਅੰਮ੍ਰਿਤਸਰ ਮਿਲਿਆ ਤੇ ਕਹਿਣ ਲੱਗਾ ਕਿ ਉਹ ਮਹਾਰਾਜਾ ਰਣਜੀਤ ਸਿੰਘ ਤੋਂ ਨਾਰਾਜ਼ ਹੈ ਤੇ ਉਹ ਅੰਗਰੇਜ਼ਾਂ ਨਾਲ ਮਿਲ ਕੇ ਜਿੱਥੇ ਉਸ ਨੂੰ ਕਿਹਾ ਜਾਏ ਉਹ ਅੱਗ ਤੇ ਤਲਵਾਰ ਤੋਂ ਕੰਮ ਲੈਣ ਨੂੰ ਤਿਆਰ ਹੈ।"

1. ਤਾਰੀਖ 2 ਹਾੜ ਸੰਮਤ 1879 ਗਲਤ ਹੈ। ਸਹੀ ਤਾਰੀਖ 2 ਹਾੜ 1876 ਜਾਂ 4 ਜੁਲਾਈ 1819 ਬਣਦੀ ਹੈ।(ਸੰਪਾਦਕ)

2. ਮੇਜਰ ਸਮਾਇਥ

ਇਸ ਪਰ ਵਿਚਾਰ:-

(1) ਮੋਰ ਕਰਾਫ਼ਟ ਸੰਮਤ 1877 ਮੁਤਾਬਕ ਸੰਨ 1820 ਵਿਖੇ ਲੱਦਾਖ ਅਤੇ ਯਾਰਕੰਦ ਜਾਂਦਾ ਹੋਇਆ ਰਸਤੇ ਵਿੱਚ ਕੁੱਝ ਦਿਨਾਂ ਲਈ ਲਾਹੌਰ ਠਹਿਰਿਆ। ਇਸ ਸਮੇਂ ਅਕਾਲੀ ਫੂਲਾ ਸਿੰਘ ਤੇ ਮਹਾਰਾਜਾ ਸਾਹਿਬ ਵਿੱਚ ਇਨ੍ਹਾਂ ਪਿਆਰ ਵਧਿਆ ਹੋਇਆ ਸੀ ਕਿ ਜਿਸਦੀ ਕੋਈ ਹੱਦ ਹੀ ਨਹੀਂ। ਮੇਜਰ ਸਮਾਇਥ ਇਸੇ ਸਾਲ ਸੰਨ 1819-20 ਬਾਬਤ ਲਿਖਦਾ ਹੈ ਕਿ ਕਸ਼ਮੀਰ ਨੂੰ ਫ਼ਤਹ ਕਰਨ ਵਿੱਚ ਅਕਾਲੀ ਫੂਲਾ ਸਿੰਘ ਦੀ ਅਦੁੱਤੀ ਬਹਾਦਰੀ ਦੇ ਕਾਰਣ ਮਹਾਰਾਜਾ ਅਕਾਲੀ ਜੀ ਨਾਲ ਐਡਾ ਪਿਆਰ ਤੇ ਉਸ ਦੀ ਏਨੀ ਇੱਜ਼ਤ ਕਰਦਾ ਸੀ ਕਿ ਹਰ ਵਕਤ ਹੀ ਉਸ ਨੂੰ ਆਪਣੇ ਨਾਲ ਰੱਖਦਾ, ਆਦਿ। ਭਲਾ ਅਕਾਲੀ ਫੂਲਾ ਸਿੰਘ ਤੇ ਮਹਾਰਾਜਾ ਸਾਹਿਬ ਇਸ ਸਮੇਂ ਨਾਰਾਜ਼ਗੀ ਕਿਸ ਤਰ੍ਹਾਂ ਹੋਈ ਤੇ ਕਿਸ ਗੱਲ ਪਰ ਹੋਈ?

(2) ਉਸ ਸਮੇਂ ਮਹਾਰਾਜਾ ਸਾਹਿਬ ਰਣਜੀਤ ਸਿੰਘ ਤੇ ਸਰਕਾਰ ਅੰਗਰੇਜ਼ੀ ਦੇ ਦਰਮਿਆਨ ਕੋਈ ਲੜਾਈ ਵੀ ਨਹੀਂ ਸੀ ਛਿੜੀ ਹੋਈ ਕਿ ਅਕਾਲੀ ਜੀ ਮਹਾਰਾਜਾ ਨੂੰ ਛੱਡ ਕੇ ਸਰਕਾਰ ਅੰਗਰੇਜ਼ੀ ਜਾ ਨਾਲ ਮਿਲਦਾ ਤੇ ਆਪਣੀ ਨਾਰਾਜ਼ਗੀ ਦਾ ਗੱਚ ਕੱਢਦਾ, ਬਲਕਿ ਉਸ ਸਮੇਂ ਤਾਂ ਦੋਹਾਂ ਤਾਕਤਾਂ ਦਾ ਆਪਸ ਵਿੱਚ ਗੂਹੜਾ ਪਿਆਰ ਸੀ ਤੇ ਪੂਰੀ ਤਰ੍ਹਾਂ ਇੱਕ ਦੂਜੇ 'ਤੇ ਭਰੋਸਾ ਰੱਖਦੀਆ ਸਨ।

(3) ਸਰ ਲੈਪਲ ਗ੍ਰਿਫ਼ਨ ਮਹਾਰਾਜਾ ਰਣਜੀਤ ਸਿੰਘ ਦੇ ਜੀਵਨ ਬ੍ਰਿਤਾਂਤ ਵਿੱਚ ਲਿਖਦਾ ਹੈ ਕਿ ਸ੍ਰੀ ਅੰਮ੍ਰਿਤਸਰ ਦੇ ਦਰਬਾਰ ਸਾਹਿਬ ਵਿੱਚ ਅਕਾਲੀ ਐਡੇ ਡਰਾਵਣੇ ਤੇ ਤਾਕਤਵਰ ਸਮਝੇ ਜਾਂਦੇ ਸਨ ਕਿਸੇ (ਯੂਰਪੀਨ) ਦਾ ਉੱਥੇ ਇੱਕਲਾ ਜਾਣਾ ਖ਼ਤਰੇ ਤੋਂ ਖ਼ਾਲੀ ਨਹੀਂ ਸੀ ਹੁੰਦਾ। ਇਸ ਸੂਰਤ ਵਿੱਚ ਅਵੱਸ਼ ਮੰਨਣਾ ਪਏਗਾ ਕਿ ਜਦ ਸਿਮਟਰ ਮੋਰ ਕਰਾਫ਼ਟ ਸ੍ਰੀ ਅੰਮ੍ਰਿਤਸਰ ਜੀ ਦੇ ਦਰਸ਼ਨ ਕਰਨ ਗਿਆ ਹੋਣਾ ਹੈ ਤਾਂ ਨਿਰਸੰਦੇਹ ਉਹ ਮਹਾਰਾਜਾ ਸਾਹਿਬ ਵੱਲੋਂ ਕਿਸੇ ਵੱਡੇ ਸਰਦਾਰ ਦੀ ਸੌਂਪਣੀ ਵਿੱਚ ਫਿਰਦਾ ਹੋਣਾ ਹੈ, ਜੈਸਾ ਕਿ ਮਹਾਰਾਜਾ ਸਾਹਿਬ ਦੇ ਸਮੇਂ ਯੂਰਪੀਨ ਮਹਿਮਾਨੀ ਲਈ ਆਮ ਕਾਇਦਾ ਸੀ[3], ਤਾਂ ਸੋਚੋ ਕਿ ਅਕਾਲੀ ਜੀ ਨੇ ਕਿਸ ਤਰ੍ਹਾਂ ਕਿਸੇ ਸਰਦਾਰ ਯਾ ਸਿੱਖ ਰਖਵਾਲਿਆਂ ਦੇ ਸਾਹਮਣੇ ਮਹਾਰਾਜੇ ਦੀ ਬੁਰਿਆਈ ਤੇ ਨਿੰਦਿਆ ਕੀਤੀ ਹੋਣੀ ਹੈ?

(4) ਮੋਰ ਕਰਾਫ਼ਟ ਪੰਜਾਬੀ ਬੋਲੀ ਤੋਂ ਅਜਾਣੂੰ ਸੀ, ਤੇ ਖ਼ਾਸ ਕਰਕੇ ਅਕਾਲੀਆਂ ਦੇ ਬੋਲਿਆਂ ਨੂੰ ਤਾਂ ਪੰਜਾਬ ਦੇ ਵਸਨੀਕ ਵੀ ਘੱਟ ਹੀ ਸਮਝ ਸਕਦੇ ਹਨ, ਜਿਹਾ ਕੁੱਝ ਦਿਨ ਹੋਏ ਲੇਖਕ ਨੂੰ ਤਰਨ ਤਾਰਨ ਸਾਹਿਬ ਦੇ ਗੁਰਦੁਆਰੇ ਵਿੱਚ ਅਕਾਲੀ ਸਿੰਘ ਮਿਲਿਆ ਤੇ ਕਹਿਣ ਲੱਗਾ ਕਿ 'ਫ਼ੌਜਾਂ ਦੀ ਅਫ਼ਲਾਤੂਨੀ ਖੰਭ ਲੱਗਾ ਗਈ ਹੈ, ਦੂਜੀ ਲਈ ਖ਼ਜ਼ਾਨੇ ਵਿੱਚੋਂ ਪੰਜ ਲੱਖ ਛਿੱਲੜ ਮਾਮਲੇ ਦਾ ਤਾਰੋ।

(5) ਭਾਵੇਂ ਮੈਂ ਪੁਰਾਣੇ ਬੋਲਿਆ ਦਾ ਖੋਜੀ ਹਾਂ, ਪਰ ਇਸ ਅਕਾਲੀ ਸਿੰਘ ਦੇ ਸਾਰੇ ਭਾਵ ਨੂੰ ਨਾ ਸਮਝ ਸਕਿਆ ਤੇ ਮੈਨੂੰ ਕੁੱਝ ਹੈਰਾਨ ਜਿਹਾ ਦੇਖਕੇ ਮੇਰੇ ਇੱਕ ਮਿੱਤਰ ਨੇ ਜੋ ਅਕਾਲੀਆਂ ਦੇ ਬੋਲਿਆਂ ਦਾ ਵਧੇਰਾ ਜਾਣੂੰ ਸੀ, ਮੈਨੂੰ ਦੱਸਿਆ ਕਿ ਅਕਾਲੀ ਜੀ ਦੀ ਰਜ਼ਾਈ ਗੁੰਮ ਗਈ ਹੈ, ਦੂਜੀ ਬਨਾਣ ਲਈ ਪੰਜ ਰੁਪਏ ਦੀ ਲੋੜ ਹੈ, ਤਦ ਜਾਕੇ ਕਿਤੇ ਸਮਝ ਆਈ। ਇਸੇ ਤਰ੍ਹਾਂ 'ਸਸਤਗੜ੍ਹ', 'ਅਕਲਦਾਨ', 'ਸਫਾਜੰਗ', ਕੁਤਬ ਦੀਨ', 'ਸਿਰਖਿੰਡੀ', 'ਗਜਗਾਹ', 'ਘਾਲਾ ਮਾਲਾ', 'ਤਹਤੋੜ', 'ਛਤਪਾਰ', 'ਦੁਸਾਂਗਾ', 'ਫਿਰਨੀ ਦੀ ਸਵਾਰੀ' ਆਦਿ ਦੇ ਭਾਵ ਨੂੰ ਸ਼ਾਇਦ ਪੰਜਾਬੀ ਵੀ ਬਹੁਤ ਘੱਟ ਜਾਣਦੇ ਹਨ, ਤਦ ਇਹ ਡਾਢੀ ਹੀ ਅਸੰਭਵ ਜਾਪਦੀ ਹੈ ਕਿ ਕੋਈ ਵਿਦੇਸ਼ੀ ਮੁਸਾਫ਼ਰ ਕੇਵਲ ਪੰਜ ਦਿਨ ਪੰਜਾਬ ਵਿੱਚ ਰਹਿਕੇ ਯਾ ਕਿਤਾਬੀ ਪੰਜਾਬੀ ਪੜ੍ਹਕੇ (ਜਿਸ ਦਾ ਉਸ ਸਮੇਂ ਬਹੁਤ ਘੱਟ ਰਿਵਾਜ ਸੀ) ਅਕਾਲੀ ਫੂਲਾ ਸਿੰਘ ਦੇ ਅਸਲ ਭਾਵ ਨੂੰ ਪੂਰੀ ਤਰ੍ਹਾਂ ਸਮਝ ਸਕਿਆ ਹੋਵੇ। ਇਸੇ ਦੀ ਤਾਈਦ ਪਰ ਡਾਕਟਰ ਮੈਕਗ੍ਰੀਗਰ ਦੇ ਹਵਾਲੇ ਨਾਲ ਸੱਯਦ ਮੁਹੰਮਦ ਲਤੀਫ਼ ਲਿਖਦਾ ਹੈ ਕਿ ਅੰਗਰੇਜ਼ਾਂ ਨੂੰ ਸਿੱਖ ਸਰਦਾਰਾਂ ਦੀ ਬੋਲੀ ਸਮਝਣੇ ਵਿੱਚ ਬੜੀ ਕਠਨਤਾਈ ਪੇਸ਼ ਆਉਂਦੀ ਸੀ[4]।

(6) ਇਸ ਗੱਲ ਬਾਬਤ ਸਰ ਲੈਪਲ ਗ੍ਰਿਫ਼ਨ ਵੀ ਪੰਜਾਬ ਰਾਜਾਜ਼ ਦੇ ਇੱਕ ਫੁੱਟਨੋਟ ਵਿੱਚ ਭਾਰੀ ਹੈਰਾਨਗੀ ਪ੍ਰਗਟ ਕਰਦਾ ਹੈ ਕਿ ਅਕਾਲੀ ਫੂਲਾ ਸਿੰਘ ਨੇ ਕਦੇ ਐਸਾ ਖ਼ਿਆਲ ਮੋਰ ਕਰਾਫਟ ਦਾ ਅੱਗੇ ਪ੍ਰਗਟ ਕੀਤਾ ਹੋਵੇ।

ਅਸਲ ਵਿੱਚ ਗੱਲ ਇਹ ਹੋਣੀ ਹੈ ਕਿ ਉਸ ਸਮੇਂ ਅਕਾਲੀ ਜੀ ਦੀ ਸਾਰੇ ਦੇਸ਼ ਵਿੱਚ ਇੰਨੀ ਧੁੰਮ ਮਚੀ ਹੋਈ ਸੀ ਕਿ ਕਿਸੇ ਯਾਤਰੂ ਦਾ ਸਫ਼ਰਨਾਮਾ ਜੋ ਪੰਜਾਬ ਨਾਲ ਸੰਬੰਧ ਰੱਖਦਾ ਹੋਵੇ, ਬਿਨਾਂ ਅਕਾਲੀ ਫੂਲਾ ਸਿੰਘ ਦੀ ਬਾਬਤ ਕੁੱਝ ਲਿਖੇ ਦੇ ਕਦੇ ਮੁਕੰਮਲ ਨਹੀਂ ਸੀ ਸਮਝਿਆ ਜਾਂਦਾ। ਜਦ ਅਸੀਂ ਮੋਰ ਕਰਾਫ਼ਟ ਦਾ ਆਪਣੇ ਹੱਥੀਂ ਲਿਖਿਆ ਸਫ਼ਰਨਾਮਾ ਪੜ੍ਹਦੇ ਹਾਂ ਤਾਂ ਉੱਥੇ ਇਤਨਾ ਲਿਖਿਆ ਹੈ ਕਿ ਫੂਲਾ ਸਿੰਘ (ਅਕਾਲੀ ਫੂਲਾ ਸਿੰਘ) ਨੇ ਮੈਨੂੰ ਸੁਨੇਹਾ ਭੇਜਿਆ ਕਿ ਮੈਂ ਮਹਾਰਾਜਾ ਨੂੰ ਛੱਡਕੇ ਅੰਗਰੇਜ਼ਾਂ ਨਾਲ ਮਿਲਣ ਨੂੰ ਤਿਆਰ ਹਾਂ, ਪਰ ਮੈਂ ਖ਼ੁਦ ਉਸ ਨੂੰ ਨਹੀਂ ਮਿਲਿਆ।[5] ਹਾਲਾਂ ਕਿ ਕਨਿਘੰਮ ਤੇ ਮੁ: ਲਤੀਫ ਨੇ ਅਕਾਲੀ ਫੂਲਾ ਸਿੰਘ ਦੇ ਮੋਰ ਕਰਾਫ਼ਟ ਨੂੰ ਖ਼ੁਦ ਮਿਲਣਾ ਲਿਖਕੇ ਤੇ ਉਸ ਦਾ ਮਹਾਰਾਜਾ ਤੋਂ ਬਾਗ਼ੀ ਹੋਣਾ ਦੱਸ ਕੇ ਅਕਾਲੀ ਜੀ ਦੇ ਉੱਚੇ ਤੇ ਸੁੱਚੇ ਸਿੱਖੀ ਆਚਰਨ 'ਤੇ ਸਖ਼ਤ ਅਯੋਗ ਹਮਲਾ ਕੀਤਾ ਹੈ ਜੋ ਉੱਕਾ ਨਿਰਮੂਲ ਹੈ।

3. ਕਾਬਲ ਵਿੱਚ ਹੁਣ ਵੀ ਏਹੀ ਕਾਇਦਾ ਹੈ ਕਿ ਜਦ ਕੋਈ ਯੂਰਪੀਨ ਮਹਿਮਾਨ ਦੂਜੀਆਂ ਸਲਤਨਤਾਂ ਤੋਂ ਆਉਂਦਾ ਹੈ, ਤਾਂ ਉਹ ਔਹਦੇਦਾਰ ਦੀ ਸੌਂਪਣੀ ਵਿੱਚ ਫਿਰਦਾ ਹੈ ਤੇ ਬਿਨਾਂ ਉਸ ਔਹਦੇਦਾਰ ਦੇ ਉਹ ਪ੍ਰਾਹੁਣਾ ਕਿਸੇ ਨੂੰ ਵੱਖ ਨਹੀਂ ਮਿਲ ਸਕਦਾ।

4. ਸੱਯਦ ਮੁਹੰਮਦ ਲਤੀਫ਼, ਹਿਸਟਰੀ ਆਫ਼ ਦੀ ਪੰਜਾਬ, ਸਫਾ 235

5. ਸਫ਼ਰਨਾਮਾ ਮੋਰ ਕਰਾਫ਼ਟ, ਜਿਲਦ 1, ਸਫ਼ਾ 110

(ਚਲਦਾ)

ਪੇਸ਼ਕਸ਼:
**ਹਰਦੇਵ ਬਰਾੜ**
ਮੁੱਖ ਸੰਪਾਦਕ




Harcourts Topline
Licensed Agent REAA 2008
Your home is One of your most valuable
asset
We are a complete One stop shop for all your Real Estate needs
We offer the following services:
Residential Sales
Rental Property Management (REINZ Accredited PM Company)
Business Sales
Commercial Sales
Commercial Leasing
Call The Topline TEAM
for any of your Real Estate needs & more
ਘਰ ਖਰੀਦਣ ਅਤੇ ਵੇਚਣ ਲਈ ਸੰਪਰਕ ਕਰੋ।
Hardev Brar
M: 027 442 7338
E: Hardev.brar@harcourts.co.nz
Mehul Mody
M: 021 990 080
E: mehul.mody@harcourts.co.nz
M 027442 7338 P 09 620 6222
hardev.brar@harcourts.co.nz www.toplinerealty.co.nz , 206 Stoddard Road, Mt Roskill, Auckland


DH
SUPERMARKET
ਇੱਥੇ ਹਰ ਪ੍ਰਕਾਰ ਦੀ ਗਰੋਸਰੀ ਅਤੇ ਤਾਜ਼ਾ ਸਬਜੀਆਂ ਮਿਲਦੀਆਂ ਹਨ।
PAPATOETOE
141 Kolmar Road, Paptoetoe
FLATBUSH
46 Ormiston Road, East Tamaki
PAPAKURA
38 O Shannessey Street, Papakura


SPARKELS
JEWELLERS
SPARKLE YOUR LIFE WITH SPARKLE JAWELLER
We Buy Gold Diamond & Coins
22kt., 9kt, 18kt & Diamond Jewellery
Jewellery Valuation
Jewellery Repairing
Lucky Stones
208, Great South Road Papatoetoe
Ph: 0800 030377
CALL: G S HAPPY
DDI 093901041




# ਭਾਰਤ 17 ਸਾਲ ਬਾਅਦ ਮੁੜ ਬਣਿਆ T-20 ਵਿਸ਼ਵ ਚੈਂਪੀਅਨ





ਰੋਹਿਤ ਸ਼ਰਮਾ ਦੀ ਕਪਤਾਨੀ 'ਚ ਭਾਰਤੀ ਟੀਮ ਨੇ ਇਤਿਹਾਸ ਰਚ ਦਿੱਤਾ ਹੈ। ਇਸ ਟੀਮ ਨੇ ਇਤਿਹਾਸ ਵਿੱਚ ਚੌਥੀ ਵਾਰ ਵਿਸ਼ਵ ਕੱਪ (ODI, T20) ਖਿਤਾਬ ਜਿੱਤਿਆ ਹੈ। ਭਾਰਤੀ ਟੀਮ ਨੇ ਸ਼ਨੀਵਾਰ (29 ਜੂਨ) ਨੂੰ ਟੀ-20 ਵਿਸ਼ਵ ਕੱਪ 2024 ਦੇ ਫਾਈਨਲ ਮੈਚ ਵਿੱਚ ਦੱਖਣੀ ਅਫਰੀਕਾ ਨੂੰ 7 ਦੌੜਾਂ ਨਾਲ ਹਰਾਇਆ। ਇਸ ਜਿੱਤ ਨਾਲ 140 ਕਰੋੜ ਭਾਰਤੀਆਂ ਨੂੰ ਜਸ਼ਨ ਮਨਾਉਣ ਦਾ ਸੁਨਹਿਰੀ ਮੌਕਾ ਮਿਲਿਆ ਹੈ।

ਉਥੇ ਹੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਐਕਸ 'ਤੇ ਵੀਡੀਓ ਸ਼ੇਅਰ ਕਰ ਟੀਮ ਇੰਡੀਆਂ ਨੂੰ ਜਿੱਤ ਲਈ ਵਧਾਈ ਦਿੱਤੀ। ਉਨ੍ਹਾਂ ਵੀਡੀਓ ਵਿੱਚ ਕਿਹਾ, ਟੀਮ ਇੰਡੀਆ ਨੂੰ ਇਸ ਸ਼ਾਨਦਾਨ ਜਿੱਤ ਲਈ ਪੂਰੇ ਦੇਸ਼ ਵਾਸੀਆਂ ਵੱਲੋਂ ਬਹੁਤ-ਬਹੁਤ ਵਧਾਈ। ਅੱਜ 140 ਕਰੋੜ ਦੇਸ਼ਵਾਸੀ ਤੁਹਾਡੇ ਇਸ ਸ਼ਾਨਦਾਨ ਪ੍ਰਦਰਸ਼ਨ ਲਈ ਮਾਣ ਮਹਿਸੂਸ ਕਰ ਰਹੇ ਹਨ। ਖੇਡ ਦੇ ਮੈਦਾਨ ਵਿੱਚ ਤੁਸੀਂ ਵਰਲਡ ਕੱਪ ਜਿੱਤਿਆ, ਇਸ ਤੋਂ ਇਲਾਵਾ ਤੁਸੀਂ ਪੂਰੇ ਦੇਸ਼ ਦੇ ਪਿੰਡ, ਗਲੀ, ਮੁਹੱਲੇ, ਸ਼ਹਿਰ ਦੇ ਲੋਕਾਂ ਦਾ ਦਿੱਲ ਜਿੱਤ ਲਿਆ। ਉਨ੍ਹਾਂ ਕਿਹਾ ਕਿ ਇਹ ਮੁਕਾਬਲਾ ਇਕ ਵਿਸ਼ੇਸ ਕਾਰਨ ਕਰਕੇ ਵੀ ਯਾਦ ਰੱਖਿਆ ਜਾਵੇਗਾ ਕਿ ਭਾਰਤ ਨੇ ਇਸ ਟੂਰਨਾਮੈਂਟ ਵਿੱਚ ਇੱਕ ਵੀ ਮੈਚ ਨਹੀਂ ਹਾਰਿਆ, ਇਹ ਇੱਕ ਬਹੁਤ ਵੱਡੀ ਉਪਲੱਬਧੀ ਹੈ।

# ਰਾਹੁਲ ਗਾਂਧੀ ਤੇ ਕਾਂਗਰਸ ਪ੍ਰਧਾਨ ਖੜਗੇ ਨੇ ਭਾਰਤੀ ਟੀਮ ਨੂੰ ਦਿੱਤੀ ਵਧਾਈ





ਟੀਮ ਇੰਡੀਆ ਦੀ ਜਿੱਤ ਨਾਲ ਭਾਰਤ ਦਾ 11 ਸਾਲ ਦਾ ਆਈਸੀਸੀ ਟਰਾਫੀ ਦਾ ਸੋਕਾ ਖਤਮ ਹੋ ਗਿਆ। ਭਾਰਤ ਨੇ ਇਸ ਤੋਂ ਪਹਿਲਾਂ 2013 'ਚ ਚੈਂਪੀਅਨਸ ਟਰਾਫੀ ਜਿੱਤੀ ਸੀ। ਇਸ ਦੇ ਨਾਲ ਹੀ ਭਾਰਤ ਨੇ 17 ਸਾਲ ਬਾਅਦ ਟੀ-20 ਵਿਸ਼ਵ ਕੱਪ ਜਿੱਤਿਆ ਹੈ। ਭਾਰਤ ਨੇ 13 ਸਾਲ ਬਾਅਦ ਕੋਈ ਵਿਸ਼ਵ ਕੱਪ ਜਿੱਤਿਆ ਹੈ। ਭਾਰਤ ਨੇ 2011 ਵਿੱਚ ਵਨਡੇ ਵਿਸ਼ਵ ਕੱਪ ਜਿੱਤਿਆ ਸੀ। ਭਾਰਤੀ ਟੀਮ ਨੇ ਟੀ-20 ਵਿਸ਼ਵ ਕੱਪ 2024 ਦੇ ਫਾਈਨਲ ਮੈਚ ਵਿੱਚ ਦੱਖਣੀ ਅਫਰੀਕਾ ਨੂੰ 7 ਦੌੜਾਂ ਨਾਲ ਹਰਾਇਆ। ਜਿੱਤ ਤੋਂ ਬਾਅਦ ਟੀਮ ਇੰਡੀਆ ਨੂੰ ਵਧਾਈਆਂ ਦੇਣ ਦਾ ਤਾਂਤਾ ਲੱਗ ਗਿਆ।

ਵਿਰੋਧੀ ਧਿਰ ਦੇ ਨੇਤਾ ਰਾਹੁਲ ਗਾਂਧੀ ਨੇ ਵੀ ਟੀਮ ਇੰਡੀਆ ਨੂੰ ਉਨ੍ਹਾਂ ਦੀ ਸਾਨਦਾਰ ਜਿੱਤ ਲਈ ਵਧਾਈ ਦਿੱਤੀ ਹੈ। ਰਾਹੁਲ ਗਾਂਧੀ ਨੇ ਟਵੀਟ ਕਰਕੇ ਲਿਖਿਆ, 'ਟੀਮ ਇੰਡੀਆ ਨੂੰ ਸ਼ਾਨਦਾਰ ਪ੍ਰਦਰਸ਼ਨ ਅਤੇ ਜਿੱਤ ਲਈ ਵਧਾਈ। ਸੂਰਿਆ, ਕਿੰਨਾ ਵਧੀਆ ਕੈਚ! ਰੋਹਿਤ, ਇਹ ਜਿੱਤ ਤੁਹਾਡੀ ਅਗਵਾਈ ਦਾ ਸਬੂਤ ਹੈ। ਰਾਹੁਲ ਟੀਮ ਇੰਡੀਆ ਹਮੇਸ਼ਾ ਤੁਹਾਡੇ ਮਾਰਗਦਰਸ਼ਨ ਦੀ ਕਮੀ ਮਹਿਸੂਸ ਕਰੇਗੀ। ਟੀਮ ਇੰਡੀਆ ਦੇ ਖਿਡਾਰੀਆਂ ਨੇ ਸਾਡੇ ਦੇਸ਼ ਦਾ ਮਾਣ ਵਧਾਇਆ ਹੈ।

ਕਾਂਗਰਸ ਦੇ ਰਾਸ਼ਟਰੀ ਪ੍ਰਧਾਨ ਮਲਿਕਾਰਜੁਨ ਖੜਗੇ ਨੇ ਟੀ-20 ਵਿਸ਼ਵ ਕੱਪ 'ਚ ਚੈਂਪੀਅਨ ਬਣਨ 'ਤੇ ਵਧਾਈ ਦਿੱਤੀ ਹੈ। ਮਲਿਕਾਅਰਜੁਨ ਖੜਗੇ ਨੇ ਸੋਸ਼ਲ ਮੀਡੀਆ ਐਕਸ 'ਤੇ ਟਵੀਟ ਕੀਤਾ ਅਤੇ ਲਿਖਿਆ, ਭਾਰਤ ਨੇ ਰੋਮਾਂਚਕ ਫਾਈਨਲ 'ਚ 17 ਸਾਲ ਬਾਅਦ ਟੀ-20 ਵਿਸ਼ਵ ਕੱਪ ਜਿੱਤਿਆ। ਟੀਮ ਇੰਡੀਆ ਨੂੰ ਬਹੁਤ-ਬਹੁਤ ਵਧਾਈਆਂ, ਉਨ੍ਹਾਂ ਨੇ ਕਮਾਲ ਦਾ ਪ੍ਰਦਰਸ਼ਨ ਕੀਤਾ। ਵਿਰਾਟ ਕੋਹਲੀ, ਅਕਸ਼ਰ ਪਟੇਲ ਅਤੇ ਅਰਸ਼ਦੀਪ ਸਿੰਘ ਨੇ ਮੈਚ ਵਿੱਚ ਸ਼ਾਨਦਾਰ ਪ੍ਰਦਰਸ਼ਨ ਕੀਤਾ। ਇਸ ਜਿੱਤ 'ਤੇ ਹਰ ਭਾਰਤੀ ਨੂੰ ਮਾਣ ਹੈ।

ਤੁਹਾਡੀਆਂ ਪ੍ਰਾਪਤੀਆਂ ਨੂੰ ਹਮੇਸ਼ਾ ਮਨਾਇਆ ਅਤੇ ਯਾਦ ਕੀਤਾ ਜਾਵੇਗਾ।

ਤੁਹਾਨੂੰ ਭਵਿੱਖ ਲਈ ਸ਼ੁਭਕਾਮਨਾਵਾਂ, ਅਸੀਂ ਤੁਹਾਨੂੰ ਇਸੇ ਤਰ੍ਹਾਂ ਉਤਸ਼ਾਹਿਤ ਕਰਦੇ ਰਹਾਂਗੇ।



# ਬਿਸਕੁਟਾਂ ਦਾ ਪੈਕਟ ਮੇਰੇ ਵਾਸਤੇ ਅਣਮੁੱਲਾ ਤੋਹ.ਫਾ

(ਸੱਚ 'ਤੇ ਅਧਾਰਤ)




ਮੇਰੇ ਨਾਲ ਮੇਰੀਆਂ ਕੰਪਨੀਆਂ ਵਿੱਚ ਹਜ਼ਾਰਾਂ ਲੋਕਾਂ ਨੇ ਕੰਮ ਕੀਤਾ। ਮੇਰੀਆਂ ਕੰਪਨੀਆਂ ਤੋਂ ਇਲਾਵਾ ਜਿਨ੍ਹਾਂ ਕੰਪਨੀਆਂ ਦੀ ਮੈਂ ਮੈਨੇਜਮੈਂਟ ਕੀਤੀ ਉਨ੍ਹਾਂ ਵਿੱਚ ਵੀ ਹਜ਼ਾਰਾਂ ਲੋਕਾਂ ਨੇ ਮੇਰੇ ਨਾਲ ਕੰਮ ਕੀਤਾ। ਇਸ ਕਰਕੇ ਮੈਂ ਕਹਿ ਸਕਦਾ ਹਾਂ ਕਿ ਪੰਜਾਬ ਦਾ ਸ਼ਾਇਦ ਹੀ ਕੋਈ ਪਿੰਡ ਹੋਵੇ ਜਿੱਥੇ ਦੇ ਕਿਸੇ ਵਿਅਕਤੀ ਜਾਂ ਉਨ੍ਹਾਂ ਦੇ ਰਿਸ਼ਤੇਦਾਰ ਨੇ ਮੇਰੇ ਨਾਲ ਕੰਮ ਨਾ ਕੀਤਾ ਹੋਵੇ।

ਇਸ ਤੋਂ ਇਲਾਵਾ ਦੁਨੀਆਂ ਦੇ ਤਕਰੀਬਨ ਬਹੁਤ ਸਾਰੇ ਦੇਸ਼ਾਂ ਦੇ ਲੋਕਾਂ ਨੇ ਵੀ ਕੰਮ ਕੀਤਾ। ਮੈਨੂੰ ਸਭ ਨਾਲ ਕੰਮ ਕਰਕੇ ਬਹੁਤ ਚੰਗਾ ਲਗਦਾ ਸੀ। ਸਭ ਵੱਖੋ-ਵੱਖ ਪਰਿਵਾਰਾਂ ਵਿੱਚੋਂ ਆਏ, ਵੱਖੋ-ਵੱਖ ਭਾਸ਼ਾਵਾਂ ਬੋਲਦੇ, ਵੱਖੋ-ਵੱਖ ਰੰਗ ਅਤੇ ਵੱਖੋ-ਵੱਖ ਧਰਮਾਂ ਦੇ ਲੋਕ ਜਦੋਂ ਇਕੱਠੇ ਕੰਮ ਕਰਦੇ ਅਤੇ ਇਕੋ ਵੇਲੇ ਇਕੱਠੇ ਬੈਠ ਕੇ ਖਾਂਦੇ- ਪੀਂਦੇ ਤਾਂ ਉਨ੍ਹਾਂ ਨੂੰ ਦੇਖ ਕੇ ਮੈਨੂੰ ਚਾਅ ਚੜ੍ਹ ਜਾਂਦਾ ਕਿ ਇੱਥੇ ਤਾਂ ਸਭ ਦੀ ਊਚ-ਨੀਚ ਖਤਮ ਹੋ ਗਈ ਹੈ ਭਾਵੇਂ ਬਾਦ ਵਿੱਚ ਫਿਰ ਜਾਗ ਪਵੇ।

ਭਾਵੇਂ ਮੇਰਾ ਉਨ੍ਹਾਂ ਨਾਲ ਕਾਮੇ ਅਤੇ ਮਾਲਕ ਦਾ ਰਿਸ਼ਤਾ ਸੀ ਪਰ ਮੈਂ ਉਨ੍ਹਾਂ ਨੂੰ ਇਹ ਕਦੇ ਵੀ ਮਹਿਸੂਸ ਨਹੀਂ ਹੋਣ ਦਿੱਤਾ। ਮੈਂ ਵੀ ਉਨ੍ਹਾਂ ਨਾਲ ਹੀ ਘਾਹ 'ਤੇ ਬੈਠ ਕੇ ਰੋਟੀ ਜਾਂ ਚਾਹ ਪਾਣੀ ਖਾਂਦਾ ਪੀਂਦਾ ਹੁੰਦਾ ਸੀ। ਬਹੁਤ ਚੰਗਾ ਲਗਦਾ ਜਦੋਂ ਰੋਟੀ ਖਾਂਦਿਆਂ ਹੀ ਸਾਰੇ ਮੁਲਕਾਂ ਬਾਰੇ ਇੱਕ ਦੂਜੇ ਕੋਲੋਂ ਜਾਣਕਾਰੀ ਮਿਲ ਜਾਂਦੀ।

ਭਾਵੇਂ ਅਸੀਂ ਵੱਖ-ਵੱਖ ਜਾਤਾਂ, ਧਰਮਾਂ, ਮੁਲਕਾਂ ਦੇ ਨਾਲ ਸਬੰਧ ਰੱਖਦੇ ਸੀ ਪਰ ਸਾਡੇ ਵਿੱਚ ਇੱਕ ਸਮੱਸਿਆ ਸਾਂਝੀ ਸੀ। ਉਹ ਸੀ ਰੋਟੀ ਦੀ ਸਮੱਸਿਆ। ਰੋਟੀ ਦੀ ਲੋੜ ਨੇ ਹੀ ਸਾਨੂੰ ਇਕੱਠੇ ਕੰਮ ਕਰਨ ਲਈ ਮਜ਼ਬੂਰ ਕੀਤਾ ਹੋਇਆ ਸੀ।

ਕਈ ਕਾਮੇ ਕੁੱਝ ਸਾਲ ਕੰਮ ਕਰਨ ਮਗਰੋਂ ਹੋਰ ਥਾਵਾਂ 'ਤੇ ਕੰਮ ਕਰਨ ਚਲੇ ਜਾਂਦੇ ਸੀ ਅਤੇ ਜੇ ਦੁਬਾਰਾ ਕੰਮ ਕਰਨਾ ਹੁੰਦਾ ਉਹ ਫਿਰ ਕੰਮ'ਤੇ ਆ ਜਾਂਦੇ ਸੀ। ਕਈ ਪੈਸਾ ਜੋੜਨ ਤੋਂ ਬਾਦ ਆਪਣਾ ਬਿਜਨੇਸ ਵੀ ਖੋਲ੍ਹ ਲੈਂਦੇ ਸੀ ਅਤੇ ਫਿਰ ਉਨ੍ਹਾਂ ਨਾਲ ਬਹੁਤ ਦੇਰ ਮੁਲਾਕਾਤ ਨਹੀਂ ਹੋ ਪਾਉਂਦੀ ਸੀ।

ਮੈਨੂੰ ਘਰਾਂ ਦੇ ਕੰਮ ਬਾਰੇ ਵੱਖ-ਵੱਖ ਇਲਾਕਿਆਂ ਵਿੱਚ ਜਾਣਾ ਪੈਂਦਾ ਸੀ। ਮੈਨੂੰ ਬਚਪਨ ਤੋਂ ਹੀ ਲੋਕਾਂ ਨਾਲ ਗੱਲਬਾਤ ਕਰਨ ਦਾ ਸ਼ੌਂਕ ਹੈ। ਇਸ ਕਰਕੇ ਮੈਨੂੰ ਕਦੇ ਵੀ ਕੋਈ ਪੰਜਾਬੀ ਮੂਲ ਦਾ ਵਿਅਕਤੀ ਮਿਲਦਾ ਤਾਂ ਉਸ ਨੂੰ ਬਿਨਾਂ ਬੁਲਾਏ ਜਾਣ ਨਾ ਦਿੰਦਾ।

ਇੱਕ ਵਾਰ ਮੈਂ ਔਕਲੈਂਡ ਦੇ ਇੱਕ ਸ਼ਹਿਰ ਵਿੱਚ ਘਰ ਖਰੀਦਿਆ ਜਿਸ ਦੀ ਮੁਰੰਮਤ ਸ਼ੁਰੂ ਕਰਨੀ ਸੀ। ਉਸ ਇਲਾਕੇ ਵਿੱਚ ਪੰਜਾਬੀ ਬਹੁਤ ਘੱਟ ਰਹਿੰਦੇ ਸੀ। ਇੱਕ ਪੰਜਾਬੀ ਮੂਲ ਦਾ ਵਿਅਕਤੀ ਦੋ ਘਰ ਛੱਡ ਕੇ ਘਾਹ ਕੱਟ ਰਿਹਾ ਸੀ। ਮੈਂ ਉਸ ਨੂੰ ਮਿਲਣ ਚਲਾ ਗਿਆ। ਉਸ ਨੇ ਦੱਸਿਆ ਕਿ ਉਹ ਘਾਹ ਕੱਟਣ ਦਾ ਕੰਮ ਕਰਦਾ ਹੈ। ਉਸ ਦਾ ਆਪਣਾ ਬਿਜਨੇਸ ਹੈ। ਮੈਂ ਕਿਹਾ ਕਿ ਮੈਂ ਦੋ ਘਰ ਛੱਡ ਕੇ ਘਰ ਖਰੀਦਿਆ ਹੈ ਤੇ ਮੁਰੰਮਤ ਸ਼ੁਰੂ ਕਰਨ ਦੀ ਤਿਆਰੀ ਕਰ ਰਹੇ ਹਾਂ।

ਮੈਂ ਉਸ ਵਿਅਕਤੀ ਨੂੰ ਪਛਾਣਿਆ ਨਹੀਂ ਸੀ। ਉਹ ਕਹਿਣ ਲੱਗਾ ਕਿ ਤੂੰ ਅਵਤਾਰ ਹੈਂ? ਮੈਂ ਕਿਹਾ ਹਾਂਜੀ। ਉਹ ਕਹਿਣ ਲੱਗਾ ਕਿ ਮੈਂ ਜਦੋਂ ਭਾਰਤ ਤੋਂ ਨਿਊਜ਼ੀਲੈਂਡ ਆਇਆ ਸੀ ਤਾਂ ਮੈਨੂੰ ਪੈਸੇ ਦੀ ਬਹੁਤ ਤੰਗੀ ਸੀ ਅਤੇ ਘਰ ਰੋਟੀ ਪਾਣੀ ਦਾ ਸਮਾਨ ਵੀ ਨਹੀਂ ਸੀ। ਮੇਰੇ ਕੋਲ ਕਿਸੇ ਕੰਮ ਦਾ ਤਜ਼ਰਬਾ ਵੀ ਨਹੀਂ ਸੀ। ਤਜ਼ਰਬਾ ਨਾ ਹੋਣ ਕਰਕੇ ਮੈਨੂੰ ਕੋਈ ਕਿਸੇ ਕੰਮ'ਤੇ ਵੀ ਨਹੀਂ ਰੱਖਦਾ ਸੀ। ਬੇਗਾਨਾ ਮੁਲਕ ਅਤੇ ਬੇਗਾਨੇ ਲੋਕ ਸਨ। ਰਿਸ਼ਤੇਦਾਰ ਲੋਕਾਂ ਨਾਲੋਂ ਵੀ ਭੈੜੇ ਸਨ। ਕਿਸੇ ਕੋਈ ਮੱਦਦ ਨਾ ਕੀਤੀ। ਅਖੀਰ ਮੈਨੂੰ ਤੇਰੀ ਕੰਪਨੀ ਵਿੱਚ ਬਿਨਾਂ ਤਜਰਬੇ ਤੋਂ ਕੰਮ'ਤੇ ਰੱਖ ਲਿਆ ਗਿਆ ਅਤੇ ਤੇਰੇ ਸੁਪਰਵਾਈਜ਼ਰਾਂ ਨੇ ਹੀ ਮੈਨੂੰ ਕੰਮ ਸਿਖਾਇਆ। ਕੋਲ ਕਾਰ ਨਹੀਂ ਸੀ। ਉਹ ਮਸਲਾ ਵੀ ਤੁਸੀਂ ਹੱਲ ਕਰ ਦਿੱਤਾ ਕਿਉਂਕਿ ਤੁਹਾਡੀ ਕਾਰ ਵਿੱਚ ਹੀ ਕੰਮ'ਤੇ ਚਲੇ ਜਾਂਦਾ ਸੀ। ਇਸ ਤਰਾਂ ਤੁਹਾਡੇ ਨਾਲ ਕੰਮ ਕਰਦਿਆਂ ਮੈਂ ਕਈ ਹਜ਼ਾਰ ਡਾਲਰ ਜੋੜ ਲਿਆ। ਉਸ ਪੈਸੇ ਨਾਲ ਮੈਂ ਘਾਹ ਕੱਟਣ ਦਾ ਕਾਰੋਬਾਰ ਖਰੀਦ ਲਿਆ। ਹੁਣ ਮੈਂ ਲੋਕਾਂ ਦੇ ਘਾਹ ਕੱਟ ਕੇ ਚੰਗੇ ਪੈਸੇ ਬਣਾ ਲੈਂਦਾ ਹਾਂ ਅਤੇ ਮੈਂ ਆਪਣਾ ਘਰ ਵੀ ਖਰੀਦ ਲਿਆ ਹੈ। ਮੈਨੂੰ ਕਹਿਣ ਲੱਗਾ ਕਿ ਜਿਹੜੀ ਸਾਡੇ ਘਰ ਪਹਿਲੀ ਰੋਟੀ ਬਣੀ ਸੀ ਉਹ ਤੁਹਾਡੇ ਕੰਮ ਕਰਕੇ ਕਮਾਏ ਪੈਸੇ ਨਾਲ ਬਣੀ ਸੀ। ਜੇ ਉਹ ਪੈਸੇ ਨਾ ਬਣੇ ਹੁੰਦੇ ਤਾਂ ਸ਼ਾਇਦ ਮੈਂ ਅੱਜ ਇਸ ਮੁਲਕ ਵਿੱਚ ਵੀ ਨਾ ਹੁੰਦਾ। ਉਹ ਕੰਮ ਛੱਡ ਕੇ ਗੱਲਾਂ ਕਰੀ ਗਿਆ। ਇਸ ਤਰਾਂ ਲਗਦਾ ਸੀ ਕਿ ਉਸ ਕੋਲ ਬਹੁਤ ਕੁੱਝ ਕਹਿਣ ਨੂੰ ਸੀ। ਉਸ ਦੀਆਂ ਗੱਲਾਂ ਸੁਣ ਮੈਨੂੰ ਆਪਣਾ ਚੇਤਾ ਆ ਗਿਆ ਤੇ ਮੈਨੂੰ ਲੱਗਾ ਕਿ ਮੈਂ ਤਾਂ ਖੁਦ ਵੀ ਇਨ੍ਹਾਂ ਹਲਾਤਾਂ ਵਿੱਚੋਂ ਹੀ ਲੰਘਿਆ ਸੀ।

ਮੈਂ ਉਸ ਨੂੰ ਘਰਦੀਆਂ ਅਤੇ ਬਿਜਨਸ ਦੀਆਂ ਵਧਾਈਆਂ ਦਿੱਤੀਆਂ। ਉਸ ਨੂੰ ਕਿਹਾ ਕਿ ਇਹ ਤੇਰੀ ਸਖਤ ਮਿਹਨਤ ਦਾ ਹੀ ਨਤੀਜਾ ਹੈ।

ਜਦੋਂ ਮੈਂ ਉਥੋਂ ਜਾਣ ਲੱਗਾ ਤਾਂ ਉਹ ਕਹਿਣ ਲੱਗਾ ਕਿ ਤੂੰ ਚਾਹ ਪੀ ਕੇ ਜਾਹ। ਮੈਂ ਕਿਹਾ ਕਿ ਮੈਂ ਚਾਹ ਨਹੀਂ ਪੀਣੀ।ਆਪਾਂ ਕਿਹੜਾ ਘਰ ਬੈਠੇ ਹਾਂ? ਉਹ ਕਹਿਣ ਲੱਗਾ ਕਿ ਚਾਹ ਦੀ ਥਰਮੋਸ ਮੇਰੇ ਕੋਲ ਹੈ। ਉਸ ਨੇ ਥਰਮੋਸ ਕੱਢ ਲਈ। ਮੈਂ ਫਿਰ ਉਸ ਨੂੰ ਚਾਹ ਲਈ ਮਨ੍ਹਾ ਕਰ ਦਿੱਤਾ। ਉਸ ਦੀ ਵਜ੍ਹਾ ਇਹ ਸੀ ਕਿ ਜੇ ਮੈਂ ਉਸ ਨਾਲ ਚਾਹ ਪੀ ਲੈਂਦਾ ਤਾਂ ਉਸ ਕੋਲ ਦੁਪਹਿਰ ਤੋਂ ਬਾਦ ਪੀਣ ਲਈ ਚਾਹ ਨਹੀਂ ਬਚਣੀ ਸੀ।

ਫਿਰ ਉਹ ਮੈਨੂੰ ਕਹਿੰਦਾ ਕਿ ਤੂੰ ਆਹ ਬਿਸਕੁਟਾਂ ਦਾ ਪੈਕਟ ਲੈ ਕੇ ਜਾਹ ਮੈਂ ਤੈਨੂੰ ਖਾਲੀ ਨਹੀਂ ਜਾਣ ਦੇਣਾ। ਉਸ ਕੋਲ ਬਿਸਕੁਟਾਂ ਦੇ ਪੈਕਟ ਹੋਰ ਵੀ ਸਨ। ਵੈਸੇ ਮੈਂ ਬਿਸਕੁਟ ਖਾਣ ਦਾ ਸ਼ੌਕੀਨ ਨਹੀਂ ਹਾਂ। ਮੈਂ ਉਸ ਨੂੰ ਕਿਹਾ ਕਿ ਬਿਸਕੁਟ ਤੁਸੀਂ ਆਪਣੇ ਖਾਣ ਵਾਸਤੇ ਰੱਖ ਲਵੋ।

ਮੈਂ ਤਾਂ ਘਰ ਹੀ ਜਾ ਰਿਹਾ ਹਾਂ। ਉਸ ਨੇ ਮੈਨੂੰ ਜ਼ਬਰਦਸਤੀ ਬਿਸਕੁਟਾਂ ਦਾ ਪੈਕਟ ਦੇ ਦਿੱਤਾ। ਮੈਂ ਬਿਸਕੁਟਾਂ ਦਾ ਪੈਕਟ ਰੱਖ ਲਿਆ। ਉਸ ਵਿੱਚ ਉਸ ਦਾ ਮੇਰੇ ਪ੍ਰਤੀ ਪਿਆਰ ਛੁਪਿਆ ਹੋਇਆ ਸੀ ਜਿਸ ਨੂੰ ਸ਼ਬਦਾਂ ਵਿੱਚ ਬਿਆਨ ਵੀ ਨਹੀਂ ਕੀਤਾ ਜਾ ਸਕਦਾ।

ਭਾਵੇਂ ਉਸ ਤੋਂ ਬਾਦ ਮੈਨੂੰ ਸੈਂਕੜੇ ਤੋਹਫੇ ਮਿਲੇ ਹਨ ਪਰ ਉਸ ਬਿਸਕੁਟਾਂ ਦੇ ਪੈਕਟ ਦੀ ਅਹਿਮੀਅਤ ਮੈਨੂੰ ਅੱਜ ਤੱਕ ਯਾਦ ਹੈ।

ਕਈ ਵਾਰ ਚੀਜ਼ ਦੀ ਕੀਮਤ ਨਾਲੋਂ ਉਸ ਪਿੱਛੇ ਲੁਕੀ ਭਾਵਨਾ ਦੀ ਬਹੁਤ ਅਹਿਮੀਅਤ ਹੁੰਦੀ ਹੈ ਜੋ ਸਿਰਫ ਬਰੀਕੀ ਨਾਲ ਦੇਖਣ 'ਤੇ ਹੀ ਨਜ਼ਰ ਆਉਂਦੀ ਹੈ।।

**ਅਵਤਾਰ ਤਰਕਸ਼ੀਲ**
**ਨਿਊਜ਼ੀਲੈਂਡ**
006421392147



# ਆਸਟ੍ਰੇਲੀਆ ਦੇ ਪ੍ਰਧਾਨ ਮੰਤਰੀ ਨੇ ਕਿਸ਼ੋਰ ਅੱਤਵਾਦੀਆਂ ਤੋਂ ਖਤਰੇ ਦਾ ਕੀਤਾ ਖੁਲਾਸਾ



ਕੈਨਬਰਾ- ਆਸਟ੍ਰੇਲੀਆ ਦੇ ਪ੍ਰਧਾਨ ਮੰਤਰੀ ਐਂਥਨੀ ਅਲਬਾਨੀਜ਼ ਨੇ ਖੁਲਾਸਾ ਕੀਤਾ ਹੈ ਕਿ ਉਨ੍ਹਾਂ ਅਤੇ ਉਨ੍ਹਾਂ ਦੇ ਪਰਿਵਾਰ ਨੂੰ ਇਕ ਕਿਸ਼ੋਰ ਅੱਤਵਾਦੀ ਨੇ ਧਮਕੀ ਦਿੱਤੀ ਸੀ। ਅਲਬਾਨੀਜ਼ ਨੇ ਸ਼ੁੱਕਰਵਾਰ ਕਿਹਾ ਕਿ ਉਹ ਅਤੇ ਉਸਦਾ ਪਰਿਵਾਰ ਕੱਟੜਪੰਥੀ ਮੈਨੀਫੈਸਟੋ ਵਿਚ ਧਮਕੀਆਂ ਦੇਣ ਵਾਲਿਆਂ ਵਿਚੋਂ ਇਕ ਸਨ, ਜਿਸ ਵਿਚ 19 ਸਾਲਾ ਜਾਰਡਨ ਪੈਟਨ ਨੇ ਕਥਿਤ ਤੌਰ 'ਤੇ ਸੱਤਾਧਾਰੀ ਲੇਬਰ ਪਾਰਟੀ ਦੇ ਸੰਸਦ ਮੈਂਬਰਾਂ ਨੂੰ ਮਾਰਨ ਦੇ ਆਪਣੇ ਇਰਾਦੇ ਦੀ ਰੂਪਰੇਖਾ ਦੱਸੀ ਸੀ।

ਉਨ੍ਹਾਂ ਇੱਥੇ ਗੱਲਬਾਤ ਕਰਦਿਆਂ ਕਿਹਾ ਕਿ ਆਸਟ੍ਰੇਲੀਆ ਵਿਚ ਅੱਤਵਾਦ ਲਈ ਕੋਈ ਥਾਂ ਨਹੀਂ ਹੈ।

ਜੋ ਦਸਤਾਵੇਜ਼ ਪੇਸ਼ ਕੀਤੇ ਗਏ ਸਨ, ਉਹ ਕਾਫੀ ਪ੍ਰੇਸ਼ਾਨ ਕਰਨ ਵਾਲੇ ਹਨ, ਜਿਨ੍ਹਾਂ ਵਿਚ ਨਾ ਸਿਰਫ਼ ਲੇਬਰ ਸੰਸਦ ਮੈਂਬਰਾਂ ਨੂੰ ਸਗੋਂ ਮੇਰੇ ਪਰਿਵਾਰ ਸਮੇਤ ਹੋਰਨਾਂ ਨੂੰ ਵੀ ਧਮਕੀਆਂ ਦਿੱਤੀਆਂ ਗਈਆਂ ਹਨ।

ਪੈਟਨ ਨੂੰ ਸੰਯੁਕਤ ਅੱਤਵਾਦ ਵਿਰੋਧੀ ਟੀਮ (ਜੇ. ਸੀ. ਟੀ.) ਨੇ ਬੁੱਧਵਾਰ ਸਿਡਨੀ ਤੋਂ ਲਗਭਗ 100 ਕਿਲੋਮੀਟਰ ਉੱਤਰ ਵਿਚ ਨਿਊਕੈਸਲ ਸ਼ਹਿਰ ਵਿਚ ਹਥਿਆਰਾਂ ਨਾਲ ਲੈਸ ਨਿਊ ਸਾਊਥ ਵੇਲਜ਼ ਰਾਜ ਦੀ ਸੰਸਦ ਵਿਚ ਲੇਬਰ ਸੰਸਦ ਮੈਂਬਰ ਟਿਮ ਕਰੈਂਥੋਰਪ ਦੇ ਦਫ਼ਤਰ ਵਿਚ ਕਥਿਤ ਤੌਰ 'ਤੇ ਦਾਖਲ ਹੋਣ ਤੋਂ ਬਾਅਦ ਚਾਕੂ ਅਤੇ ਹੋਰ ਹਥਿਆਰ ਸਮੇਤ ਕਾਬੂ ਕੀਤਾ।

ਅਧਿਕਾਰੀਆਂ ਨੇ ਕਿਹਾ ਕਿ ਪੈਟਨ ਦੀ ਗ੍ਰਿਫਤਾਰੀ ਤੋਂ ਬਾਅਦ ਉਨ੍ਹਾਂ ਨੂੰ ਮੈਨੀਫੈਸਟੋ ਬਾਰੇ ਪਤਾ ਲੱਗਾ ਗਏ, ਜੋ ਇਮੀਗ੍ਰੇਸ਼ਨ ਵਿਰੋਧੀ, ਯਹੂਦੀ ਵਿਰੋਧੀ ਅਤੇ ਇਸਲਾਮੋਫੋਬਿਕ ਵਿਚਾਰਾਂ ਤੇ ਲੇਬਰ ਪਾਰਟੀ ਅਤੇ ਅਲਬਾਨੀਜ਼ ਵਿਰੁੱਧ ਸ਼ਿਕਾਇਤਾਂ ਦੀ ਸੂਚੀ ਨੂੰ ਦਰਸਾਉਂਦਾ ਹੈ।

# ਸਟੋਰਾਂ 'ਤੇ ਹੁੰਦੀਆਂ ਲੁੱਟਾਂ ਖੋਹਾਂ ਦੇ ਵਿਰੋਧ 'ਚ ਸੜਕਾਂ 'ਤੇ ਉਤਰੇ ਭਾਰਤੀ ਭਾਈਚਾਰਾ




ਨਿਊਜ਼ੀਲੈਂਡ 'ਚ ਆਏ ਦਿਨ ਹੁੰਦੀਆਂ ਲੁੱਟਾਂ ਖੋਹਾਂ ਰੁਕਣ ਦਾ ਨਾਮ ਨਹੀਂ ਲੈ ਰਹੀਆਂ। ਪ੍ਰਸ਼ਾਸਨ ਵੀ ਇੰਨ੍ਹਾਂ ਲੁਟੇਰਿਆਂ ਨੂੰ ਨੱਥ ਪਾਉਣ 'ਚ ਲਗਾਤਾਰ ਨਕਾਮ ਰਿਹਾ ਹੈ।

ਇਸੇ ਦੇ ਚੱਲਦਿਆਂ ਅੱਜ ਪਾਪਾਟੋਏਟੋਏ ਦੇ ਈਸਟ ਟਮਾਕੀ ਰੋਡ ਤੇ ਗ੍ਰੇਟ ਸਾਊਥ ਰੋਡ ਦੇ ਕੋਰਨਰ 'ਤੇ ਇੱਕਠੇ ਹੋ ਭਾਰਤੀ ਭਾਈਚਾਰੇ ਤੇ ਕਾਰੋਬਾਰੀਆਂ ਨੇ ਰੋਸ ਜ਼ਾਹਿਰ ਕੀਤਾ ਹੈ।

ਕਾਰੋਬਾਰੀਆਂ ਨੇ ਰੋਸ ਵੱਜੋਂ ਆਪਣੀਆਂ ਦੁਕਾਨਾਂ ਬੰਦ ਕਰ ਸਰਕਾਰ ਤੋਂ ਇਨ੍ਹਾਂ ਲੁਟੇਰਿਆਂ ਖਿਲਾਫ ਸਖਤ ਕਾਨੂੰਨ ਬਣਾਏ ਜਾਣ ਦੀ ਮੰਗ ਕੀਤੀ ਹੈ। ਉੱਥੇ ਹੀ ਜੇ ਤੁਹਾਡੇ ਨਾਲ ਵੀ ਕੋਈ ਅਜਿਹੀ ਘਟਨਾ ਵਾਪਰੀ ਹੈ ਤਾਂ ਤੁਸੀਂ ਇਸ nzcirme111@gmial.ਚੋਮ ਈਮੇਲ 'ਤੇ ਜਾਣਕਾਰੀ ਭੇਜ ਸਕਦੇ ਹੋ।

ਜ਼ਿਕਰਯੋਗ ਹੈ ਕਿ ਪਿਛਲੇ ਸਮੇਂ ਦੌਰਾਨ ਇੰਨ੍ਹਾਂ ਵਾਰਦਾਤਾਂ 'ਚ ਕਾਫੀ ਵਾਧਾ ਹੋਇਆ ਹੈ।

# ਦਿਲ ਸੰਬੰਧੀ ਸਮੱਸਿਆਵਾਂ



1. ਦਿਲ ਦੇ ਦੌਰੇ ਤੋਂ ਬਚਣ ਲਈ ਐਸਪਰੀਨ ਦੀ ਇਕ ਚੌਥਾਈ ਗੋਲ਼ੀ ਲਵੋ। ਡਾਕਟਰ ਦੀ ਸਲਾਹ, ਨਿਗਰਾਨੀ ਵਿਚ।

2. ਚਾਹ ਦਾ ਅੱਧਾ ਚਮਚਾ ਲਸ਼ਣ ਪਾਊਡਰ ਪ੍ਰਤੀ ਦਿਨ ਲਵੋ।

3. ਇਕ ਚੌਥਾਈ ਹਿੰਗ ਇਕ ਕਿਸਮਿਸ ਦੇ ਨਾਲ ਰੋਜ਼ਾਨਾ ਖਾਵੋ।

4. ਜੇਕਰ ਤੁਹਾਨੂੰ ਦਿਲ ਦੇ ਦਰਦ ਦੀ ਸ਼ਿਕਾਇਤ ਹੈ ਤਾਂ ਅੱਧਾ ਚਮਚਾ ਚੰਦਨ ਪਾਊਡਰ ਇਕ ਕੱਪ ਪਾਣੀ ਵਿਚ ਉਬਾਲ ਕੇ ਇਸ ਨੂੰ ਦਿਨ ਵਿਚ ਤਿੰਨ ਵਾਰੀ ਲਵੋ।

5. ਦਿਲ ਦੀ ਅਸਾਧਾਰਨ ਧੜਕਣ ਨੂੰ ਰੋਕਣ ਲਈ ਇਕ ਚੌਥਾਈ ਚਮਚਾ ਛੋਟੀ ਇਲਾਇਚੀ ਦੇ ਪੀਸੇ ਹੋਏ ਬੀਜ ਹਲਕੀ ਚਾਹ ਪਾਣੀ ਵਿਚ ਉਬਾਲਕੇ ਪੀਵੋ।

6. ਪੱਕੇ ਹੋਏ ਕੇਲੇ ਨਿਯਮਤ ਤੌਰ ਤੇ ਖਾਣ ਨਾਲ ਦਿਲ ਮਜ਼ਬੂਤ ਹੁੰਦਾ ਹੈ।

7. ਪੁੰਗਰੇ ਹੋਏ ਛੋਲੇ ਅਤੇ ਮੂੰਗੀ ਰੋਜ਼ਾਨਾ ਖਾਣ ਨਾਲ ਦਿਲ ਦੇ ਪੱਠੇ ਮਜ਼ਬੂਤ ਹੁੰਦੇ ਹਨ।

8. ਦਿਲ ਦੇ ਰੋਗਾਂ ਤੋਂ ਸੁਰੱਖਿਆ ਲਈ ਅਰਜਨ ਦੀ ਛਿਲਕ ਬਹੁਤ ਗੁਣਕਾਰੀ ਹੁੰਦੀ ਹੈ। ਅਰਜਨ ਦੇ ਛਿਲਕੇ ਦਾ ਕਾੜ੍ਹਾ ਬਣਾਕੇ ਪੀਣ ਨਾਲ ਕਾਫ਼ੀ ਲਾਭ ਹੁੰਦਾ ਹੈ। ਦਿਲ ਵਿਚ ਸੂਲ ਅਤੇ ਦਿਲ ਦੀ ਨਿਰਬਲਤਾ ਕਾਰਨ ਤੇਜ ਧੜਕਣ ਵਿਚ ਅਰਜਨ ਦੇ ਛਿਲਕੇ ਦੀ ਵਰਤੋਂ ਫ਼ਾਇਦੇਮੰਦ ਹੁੰਦੀ ਹੈ।

9. ਅਰਜਨ ਦੇ ਛਿਲਕੇ ਤੋਂ ਬਣਾਏ ਗਏ ਅਰਜਨਾਰਿਸ਼ਟ 15 ਤੋਂ 20 ਮਿਲੀ ਲਿਟਰ ਦੀ ਮਾਤਰਾ ਵਿਚ ਐਨਾ ਹੀ ਪਾਣੀ ਮਿਲਾ ਕੇ ਭੋਜਨ ਦੇ ਬਾਦ ਦੋਨੋਂ ਵਕਤ ਪੀਣ ਨਾਲ ਦਿਲ ਦੇ ਵਿਕਾਰਾਂ ਵਿਚ ਲਾਭ ਪਹੁੰਚਦਾ ਹੈ।

10. ਮ੍ਰਿਗਸਰੰਗ ਭਸਮ ਇਕ ਰੱਤੀ ਮਾਤਰਾ ਵਿਚ ਸ਼ੁੱਧ ਘਿਉ ਦੇ ਨਾਲ ਚੱਟਣ ਤੇ ਦਿਲ ਦੇ ਸੂਲ ਨੂੰ ਆਰਾਮ ਮਿਲਦਾ ਹੈ।

11. ਅਰਜਨ ਦਾ ਛਿਲਕਾ ਅਤੇ ਨਾਗਬਲਾ ਨੂੰ ਕੁੱਟ ਪੀਸ ਕੇ ਚੂਰਣ ਬਣਾ ਲਵੋ। ਦੋਵੇਂ ਬਰਾਬਰ ਮਾਤਰਾ ਵਿਚ ਲਵੋ। ਤਿੰਨ-ਤਿੰਨ ਗ੍ਰਾਂਮ ਚੂਰਣ ਸੁਬਾਹ ਸ਼ਾਮ ਦੁੱਧ ਨਾਲ ਸੇਵਨ ਕਰੋ। ਦਿਲ ਦੇ ਰੋਗਾਂ ਤੋਂ ਸੁਰੱਖਿਆ ਮਿਲਦੀ ਹੈ।

12. ਪੁਸ਼ਕਰ ਮੂਲ ਕੁੱਟ-ਪੀਸ ਕੇ ਚੂਰਣ ਬਣਾ ਲਵੋ। ਇਸ ਜੜ੍ਹ ਨੂੰ ਛਾਂ ਵਿਚ ਸੁਕਾ ਕੇ ਚੂਰਣ ਤਿਆਰ ਕਰੋ। ਮਲਮਲ ਦੇ ਕੱਪੜੇ ਨਾਲ ਚੂਰਣ ਨੂੰ ਛਾਣ ਲਵੋ। 2 ਗਰਾਮ ਚੂਰਣ ਹਰ ਰੋਜ਼ ਸ਼ਹਿਦ ਵਿਚ ਮਿਲਾ ਕੇ ਸੁਬਾਹ-ਸ਼ਾਮ ਸੇਵਨ ਕਰਨ ਨਾਲ ਦਿਲ ਦੇ ਰੋਗਾਂ ਦਾ ਇਲਾਜ ਹੁੰਦਾ ਹੈ।

13. ਪੋਹਕਰ ਜੜ੍ਹ, ਸੁੰਢ, ਪਿੱਪਲੀ, ਰਾਸਨਾ, ਮਿੱਠਾ ਬੱਚ, ਵੱਡੀ ਹਰੜ ਇਹ ਸੱਭ 10-10 ਗਰਾਮ ਮਾਤਰਾ ਵਿਚ ਲੈ ਕੇ, ਕੁੱਟ-ਪੀਸ ਕੇ ਚੂਰਣ ਬਣਾ ਲਵੋ। 3 ਗਰਾਮ ਚੂਰਣ ਰੋਜ਼ਾਨਾ ਦੁੱਧ ਨਾਲ ਸੇਵਨ ਕਰਨ ਤੇ ਦਿਲ ਦੇ ਰੋਗ ਠੀਕ ਹੋ ਜਾਂਦੇ ਹਨ।

14. ਸਰੀਰ ਵਿਚ ਲਹੂ ਦੀ ਕਮੀ ਹੋਣ ਨਾਲ ਦਿਲ ਦੀ ਨਿਰਬਲਤਾ ਕਾਰਨ ਵਿਭਿੰਨ ਰੋਗ ਪੈਦਾ ਹੁੰਦੇ ਹਨ। ਦਿਲ ਦੀ ਨਿਰਬਲਤਾ ਨਸ਼ਟ ਕਰਨ ਲਈ ਫ਼ਲ ਅਤੇ ਸਬਜ਼ੀਆਂ ਦੀ ਵੱਧ ਵਰਤੋਂ ਕਰਨੀ ਚਾਹੀਦੀ ਹੈ।

ਸੁੱਕੇ ਮੇਵੇ (ਪਿਸਤਾ, ਬਾਦਾਮ, ਕਾਜੂ, ਸੌਗੀ ਆਦਿ) ਵੀ ਦਿਲ ਨੂੰ ਤਾਕਤ ਦਿੰਦੇ ਹਨ। ਸੇਬ, ਗਾਜਰ ਆਦਿ ਦਾ ਮੁਰੱਬਾ ਖਾਣ ਤੇ ਦੁੱਧ ਪੀਣ ਨਾਲ ਵੀ ਦਿਲ ਦੀ ਕਮਜ਼ੋਰੀ ਖ਼ਤਮ ਹੁੰਦੀ ਹੈ।

15. ਦਿਲ ਵਿਚ ਸੂਲ ਹੋਣ ਦੀ ਸ਼ੰਕਾ ਵਿਚ ਸ਼ਾਹ ਰੁਕ ਜਾਣ 'ਤੇ ਲਸ਼ਣ ਦੀਆਂ ਦੋ-ਤਿੰਨ ਪੋਥੀਆਂ ਚੱਬਕੇ ਰਸ ਚੂਸਣ ਨਾਲ ਬਹੁਤ ਲਾਭ ਹੁੰਦਾ ਹੈ। ਪੇਟ ਵਿਚੋਂ ਗੈਸ ਨਿੱਕਲ ਜਾਣ 'ਤੇ ਦਿਲ ਤੇ ਬੋਝ ਘੱਟ ਹੋ ਜਾਂਦਾ ਹੈ।

16. ਕਾਲੀ ਮਿਰਚ ਅਤੇ ਗਿੱਲੋਅ ਨੂੰ ਬਰਾਬਰ ਮਾਤਰਾ ਵਿਚ ਲੈ ਕੇ ਕੁੱਟ-ਪੀਸ ਕੇ ਚੂਰਣ ਬਣਾ ਲਵੋ। ਪ੍ਰਤੀ ਦਿਨ ਸੁਬਾਹ-ਸ਼ਾਮ 3-3 ਗ੍ਰਾਮ ਚੂਰਣ ਗਰਮ ਪਾਣੀ ਨਾਲ ਸੇਵਨ ਕਰੋ। ਦਿਲ ਦੇ ਦਰਦ ਨੂੰ ਸਾਂਤ ਕਰਦਾ ਹੈ।

17. ਕੇਲੇ ਦੇ ਛੋਟੇ-ਛੋਟੇ ਟੁਕੜੇ ਕੱਟ ਕੇ ਸ਼ਹਿਦ ਮਿਲਾ ਕੇ ਖਾਣ ਨਾਲ ਦਿਲ ਦੇ ਦਰਦ ਦਾ ਪ੍ਰਕੋਪ ਘੱਟ ਹੁੰਦਾ ਹੈ।

18. ਆਨਾਰ ਖਾਣ ਅਤੇ ਆਨਾਰ ਦਾ ਰਸ ਪੀਣ ਨਾਲ ਦਿਲ ਦੇ ਰੋਗਾਂ ਨੂੰ ਆਰਾਮ ਮਿਲਦਾ ਹੈ।

19. ਕੁਟਕੀ ਦਾ ਬਾਰੀਕ ਚੂਰਣ ਬਣਾਕੇ 3-3 ਗ੍ਰਾਮ ਦਿਨ ਵਿਚ ਦੋ ਵਾਰ ਕੋਸੇ ਜਿਹੇ ਪਾਣੀ ਨਾਲ ਲੈਣ ਤੇ ਦਿਲ ਦੀ ਸੋਜ਼ ਖ਼ਤਮ ਹੋ ਜਾਂਦੀ ਹੈ।

20. ਆਨਾਰ ਦੇ ਕੋਮਲ ਤੇ ਤਾਜੇ ਪੱਤਿਆਂ ਨੂੰ 10 ਗ੍ਰਾਮ ਮਾਤਰਾ ਵਿਚ ਕੁੱਟ-ਪੀਸ ਕੇ 150 ਗ੍ਰਾਮ ਗਰਮ ਪਾਣੀ ਮਿਲਾ ਕੇ ਪੀਣ ਨਾਲ ਦਿਲ ਨੂੰ ਤਾਕਤ ਮਿਲਦੀ ਹੈ। ਦਿਲ ਦੀ ਤੇਜ ਧੜਕਣ ਦਾ ਨਿਵਾਰਣ ਹੁੰਦਾ ਹੈ।

21. ਅਸਗੰਧ ਅਤੇ ਬਹੇੜਾ ਨੂੰ ਬਰਾਬਰ ਮਾਤਰਾ ਵਿਚ ਲੈ ਕੇ ਬਾਰੀਕ ਚੂਰਣ ਬਣਾ ਲਵੋ। ਇਸ ਵਿਚ ਥੋੜਾ ਜਿਹਾ ਗੁੜ ਮਿਲਾ ਕੇ ਛੋਟੀਆਂ-ਛੋਟੀਆਂ ਗੋਲ਼ੀਆਂ ਬਣਾਵੋ। ਹਰ ਰੋਜ਼ 1-1 ਗੋਲ਼ੀ ਸੁਬਾਹ-ਸ਼ਾਮ ਪਾਣੀ ਨਾਲ ਸੇਵਨ ਕਰੋ। ਦਿਲ ਦੇ ਸੂਲ ਵਿਚ ਲਾਭ ਹੁੰਦਾ ਹੈ।

22. ਗਿਲੋਅ 10 ਗ੍ਰਾਮ ਲੈ ਕੇ ਉਸ ਵਿਚ 10 ਗ੍ਰਾਮ ਭੱਟਕਟੈਯਾ ਦੀ ਜੜ੍ਹ ਮਿਲਾ ਕੇ 500 ਗ੍ਰਾਮ ਪਾਣੀ ਵਿਚ ਚੰਗੀ ਤਰ੍ਹਾ ਉਬਾਲ ਕੇ ਕਾੜ੍ਹਾ ਬਣਾ ਲਵੋ। ਇਸ ਨੂੰ ਪੀਣ ਨਾਲ ਦਿਲ ਦਾ ਦਰਦ ਠੀਕ ਹੋ ਜਾਂਦਾ ਹੈ।

23. ਕੋਲੇਸਟਰੋਲ ਦੇ ਕਾਰਨ ਲਹੂ ਧੱਮਣੀਆਂ ਵਿਚ ਰੁਕਾਵਟ ਪੈਦਾ ਹੋ ਜਾਣ ਨਾਲ ਜੇਕਰ ਦਿਲ ਵਿਚ ਦਰਦ ਹੋਵੇ ਤਾਂ 200 ਗ੍ਰਾਮ ਪਾਣੀ ਵਿਚ 10 ਗ੍ਰਾਮ ਸ਼ਹਿਦ ਅਤੇ ਨਿੰਬੂ ਦਾ ਰਸ ਮਿਲਾ ਕੇ ਪੀਵੋ।

24. ਅਰਿੰਡ ਦੀ ਜੜ੍ਹ ਨੂੰ ਪਾਣੀ ਵਿਚ ਉਬਾਲਕੇ ਕਾੜ੍ਹਾ ਬਣਾ ਲਵੋ। ਇਸ ਵਿਚ ਜੌਂ-ਖਾਰ ਮਿਲਾ ਕੇ ਪੀਣ ਨਾਲ ਦਿਲ ਦਾ ਸੂਲ ਖ਼ਤਮ ਹੋ ਜਾਂਦਾ ਹੈ।

25. ਪਿੱਪਲੀ ਦੀ ਜੜ੍ਹੀ, ਤ੍ਰਿਕੁਟ ਚਿੱਤ੍ਰਕ ਬਰਾਬਰ ਮਾਤਰਾ ਵਿਚ ਲੈ ਕੇ ਪਾਣੀ ਵਿਚ ਮਿਲਾ ਕੇ ਕਾੜ੍ਹਾ ਬਣਾ ਲਵੋ। ਸੁਬਾਹ-ਸ਼ਾਮ ਵਰਤੋ ਦਿਲ ਦਾ ਦਰਦ ਠੀਕ ਹੋ ਜਾਂਦਾ ਹੈ।

26. ਪਾਨ ਦੇ ਪੱਤਿਆਂ ਦਾ ਰਸ ਕੱਢਕੇ ਸਰਬਤ ਬਣਾ ਲਵੋ। ਸੁਬਾਹ-ਸ਼ਾਮ ਸੇਵਨ ਕਰਨ ਨਾਲ ਦਿਲ ਦਾ ਦੁਰਬਲਤਾ ਖਤਮ ਹੁੰਦੀ ਹੈ ਅਤੇ ਤੇਜ ਧੜਕਣ ਤੋਂ ਛੁਟਕਾਰਾ ਮਿਲਦਾ ਹੈ।

27. ਤਾਜ਼ੀ ਬ੍ਰਹਮੀ ਦੇ 20 ਗ੍ਰਾਮ ਰਸ ਵਿਚ ਸ਼ਹਿਦ ਮਿਲਾ ਕੇ ਰੋਜ਼ਾਨਾ ਪੀਣ ਨਾਲ ਦਿਲ ਦੀ ਨਿਰਬਲਤਾ ਨਸ਼ਟ ਹੁੰਦੀ ਹੈ।

28. ਧਨੀਆ ਦੇ 3 ਗ੍ਰਾਮ ਚੂਰਣ ਵਿਚ 3 ਗ੍ਰਾਮ ਮਿਸਰੀ ਮਿਲਾ ਕੇ ਪ੍ਰਤੀ ਦਿਨ ਤਾਜ਼ੇ ਪਾਣੀ ਨਾਲ ਸੇਵਨ ਕਰੋ। ਦਿਲ ਦੀ ਧੜਕਣ ਨਿਯਮਤ ਹੋ ਜਾਂਦੀ ਹੈ।

29. ਔਲ਼ੇ, ਹਰੜ, ਬਹੇੜਾ ਅਤੇ ਬ੍ਰਹਮੀ ਸਾਰੀਆਂ ਚੀਜਾਂ 20-20 ਗ੍ਰਾਮ ਚੂਰਣ ਬਣਾ ਲਵੋ। ਇਸ ਵਿੱਚ 6 ਗ੍ਰਾਮ ਕਾਲੀ ਮਿਰਚ ਵੀ ਮਿਲਾ ਲਵੋ।

ਹਰ ਰੋਜ਼ 6 ਗ੍ਰਾਮ ਚੂਰਣ ਗਊ ਦੇ ਦੁੱਧ ਨਾਲ ਸੁਬਾਹ-ਸ਼ਾਮ ਸੇਵਨ ਕਰੋ। ਦਿਲ ਦੀ ਕਮਜ਼ੋਰੀ ਖਤਮ ਹੋ ਜਾਵੇਗੀ।

– ਸੁਰਜੀਤ ਤਲਵਾਰ

# ਗਰਭਣੀ ਰੇਖਾਵਾਂ (Stretch Marks)



ਚਮੜੀ ਦੇ ਹੇਠਲੇ ਲਚਕਦਾਰ ਤੰਤੂਆਂ ਵਿਚ ਦਰਾੜ ਪੈਣ ਨਾਲ ਧਾਰੀਆਂ ਜਾਂ ਸਫ਼ੈਦ ਚੱਟਾਕ ਜਿਹੇ ਬਣ ਜਾਇਆ ਕਰਦੇ ਹਨ। ਅਚਾਨਕ ਭਾਰ ਘਟ ਜਾਣ ਦੇ ਬਾਦ ਜਦੋਂ ਦੋਬਾਰਾ ਭਾਰ ਵਧ ਜਾਂਦਾ ਹੈ ਤਾਂ ਚਮੜੀ ਦੇ ਖਿੱਚੇ ਜਾਣ ਨਾਲ ਧਾਰੀਆਂ, ਲਾਈਨਾਂ ਪੈ ਜਾਂਦੀਆਂ ਹਨ। ਗਰਭਕਾਲ ਦੌਰਾਨ ਪੇਟ ਦੀ ਚਮੜੀ ਖਿੱਚੀ ਜਾਂਦੀ ਹੈ, ਬੱਚੇ ਦੇ ਜਨਮ ਦੇ ਬਾਦ ਉਥੇ ਵੱਡੀਆਂ-ਵੱਡੀਆਂ ਧਾਰੀਆਂ ਵਿਖਾਈ ਦਿੰਦੀਆਂ ਹਨ।

ਇਹ ਜਿਆਦਾਤਰ ਪੇਟ ਦੇ ਹੇਠਲੇ ਹਿੱਸੇ, ਧੁੰਨੀ ਦੇ ਕੁੱਝ ਉਪਰ, ਬਾਹਾਂ, ਸਤਨਾਂ ਤੇ ਅਤੇ ਉਹਨਾਂ ਦੇ ਆਸ ਪਾਸ, ਪੈਰਾਂ ਤੇ ਹੁੰਦੀਆਂ ਹਨ। ਇਹਨਾਂ ਉਪਰ ਹਰ ਰੋਜ਼ ਨਹਾਉਣ ਤੋਂ ਪਹਿਲਾਂ ਤੇਲ ਦੀ ਮਾਲਸ਼ ਕਰੋ ਅਤੇ ਢੁੱਕਵੇਂ ਮਾਸਕ, ਪੈਕ ਅਤੇ ਲੇਪ ਲਾਉਣ ਨਾਲ ਲਾਭ ਹੁੰਦਾ ਹੈ।

ਗਰਭ ਅਵਸਥਾ ਵਿਚ ਪੇਟ ਆਦਿ ਤੇ ਪੈਣ ਵਾਲੀਆਂ ਲਕੀਰਾਂ ਤੋਂ ਬਚਣ ਦੇ ਲਈ ਚੌਥੇ ਮਹੀਨੇ ਤੋਂ ਪੇਟ ਨੂੰ ਗਰਮ ਪਾਣੀ ਨਾਲ ਧੋਣ ਦੇ ਬਾਦ ਦੇਸੀ ਘਿਉ ਦੀ ਹਰ ਤੀਜੇ ਦਿਨ ਹਲਕੀ ਜਿਹੀ ਮਾਲਸ਼ ਕਰੋ। ਇਸ ਨਾਲ ਚਮੜੀ ਦਾ ਲਚਕੀਲਪਣ ਅਤੇ ਸੁੰਦਰਤਾ ਬਣੀ ਰਹੇਗੀ।

ਧੁੰਨੀ ਦੀ ਸੁੰਦਰਤਾ ਧੁੰਨੀ ਦੀ ਡੂੰਘਾਈ ਵਿਚ ਹੈ। ਧੁੰਨੀ ਜਿੰਨੀ ਵੱਧ ਡੂੰਘੀ ਹੋਵੇਗੀ, ਉਹ ਉਨੀ ਹੀ ਸੁੰਦਰ ਵਿਖਾਈ ਦੇਵੇਗੀ। ਡੂੰਘੀ ਧੁੰਨੀ ਦਾ ਹੋਣਾ ਕੁਦਰਤ ਦੀ ਦੇਣ ਹੈ। ਫੈਸ਼ਨ ਦੇ ਯੁੱਗ ਵਿਚ ਸਾੜੀ ਅਜਿਹੀ ਪਹਿਨੀ ਜਾਂਦੀ ਹੈ, ਜਿਸ ਨਾਲ ਧੁੰਨੀ ਵਿਖਾਈ ਦਿੰਦੀ ਰਹੇ।

ਇਸ ਕਰਕੇ ਧੁੰਨੀ ਦੇ ਸੁਹੱਪਣ ਪ੍ਰਤੀ ਵੱਧ ਧਿਆਨ ਦਿੱਤਾ ਜਾ ਸਕਦਾ ਹੈ। ਜੇਕਰ ਧੁੰਨੀ (ਨਾਭੀ) ਡੂੰਘੀ ਅਤੇ ਸੁੰਦਰ ਹੈ ਤਾਂ ਅਜਿਹੀ ਸਾੜੀ ਪਹਿਨੀ ਜਾ ਸਕਦੀ ਹੈ। ਜੇਕਰ ਧੁੰਨੀ ਦੀ ਡੂੰਘਾਈ ਨਹੀਂ ਹੈ ਤਾਂ ਅਜਿਹੀ ਸਾੜੀ ਪਹਿਨਣ ਨਾਲ ਪੇਟ ਦੀ ਸੁੰਦਰਤਾ ਵੱਧ ਭੱਦੀ ਲੱਗੇਗੀ।

ਧੁੰਨੀ ਅਤੇ ਪੇਟ ਦੀ ਚਮੜੀ ਦਾ ਸੁਹੱਪਣ ਗਰਭਧਾਰਣ ਦੇ ਬਾਦ ਘੱਟ ਹੋ ਜਾਂਦਾ ਹੈ। ਗਰਭਧਾਰਨ ਦੇ ਬਾਦ ਖਿੱਚ ਵਾਲੀਆਂ ਰੇਖਾਵਾਂ, ਗਰਭਣੀ ਰੇਖਾਵਾਂ ਪੇਟ ਤੇ ਧੁੰਨੀ ਦੇ ਨਜ਼ਦੀਕ ਬਣਦੀਆਂ ਹਨ, ਉਹ ਪੂਰੇ ਪੇਟ ਦੀ ਸੁੰਦਰਤਾ ਨੂੰ ਵਿਗਾੜ ਦਿੰਦੀਆਂ ਹਨ। ਨਾਭੀ-ਦਰਸ਼ਨਾਂ ਸਾੜੀ (ਧੁੰਨੀ ਨੂੰ ਵਿਖਾਉਂਦੀ ਸਾੜੀ) ਪਹਿਨਣ ਦੀ ਲਾਲਸਾ, ਇੱਛਾ ਇਹਨਾਂ ਰੇਖਾਵਾਂ ਦੇ ਕਾਰਨ ਨਸ਼ਟ ਹੋ ਜਾਂਦੀ ਹੈ। ਇਸ ਕਮੀ ਨੂੰ ਦੂਰ ਕਰਨ ਦੇ ਲਈ ਹੇਠਲੇ ਉਪਾਅ ਕਰੋ :

1. ਸਮੁਦ੍ਰਾਸਨ : ਬ੍ਰਜਾਸਨ ਵਿਚ ਬੈਠਕੇ ਦੋਵਾਂ ਹਥੇਲੀਆਂ ਨੂੰ ਪਿੱਛੇ ਕਰਕੇ ਪੈਰਾਂ ਤੇ ਹਥੇਲੀਆਂ ਨੂੰ ਰੱਖਿਆ ਜਾਂਦਾ ਹੈ। ਇਸ ਨਾਲ ਪੇਟ ਉਪਰ ਭਾਰ ਪੈਣ ਕਾਰਨ ਪੇਟ ਦੀ ਬੇਲੋੜੀ ਗ਼ੈਰ ਜ਼ਰੂਰੀ ਚਰਬੀ ਘਟਣ ਲੱਗਦੀ ਹੈ। ਜਿਸ ਨਾਲ ਪੇਟ ਦਾ ਸੁਹੱਪਣ ਵਧ ਜਾਂਦਾ ਹੈ।

2. ਪਾਲਤੀ (ਚੌਂਕੜੀ) ਮਾਰਕੇ ਬੈਠ ਜਾਵੋ ਅਤੇ ਦੋਵੇਂ ਨਿਗਾਹਾਂ ਧੁੰਨੀ ਤੇ ਕੇਂਦਰਿਤ ਕਰਕੇ ਹੌਲ਼ੀ ਹੌਲ਼ੀ ਸਾਹ ਖਿੱਚੋ ਅਤੇ ਹੌਲੀ ਹੌਲੀ ਹੀ ਉਸਨੂੰ ਛੱਡੋ, ਸਾਹ ਲੈਣ ਅਤੇ ਛੱਡਣ ਦੀ ਕ੍ਰਿਆ ਵਿਚ ਤੁਸੀਂ ਇਸ ਤਰ੍ਹਾਂ ਮਹਿਸੂਸ ਕਰੋ ਜਿਵੇਂ ਸਾਹ ਧੁੰਨੀ ਵਿਚੋਂ ਆ ਤੇ ਜਾ ਰਿਹਾ ਹੋਵੇ।

3. ਇਸ ਢੰਗ ਨਾਲ ਸਿੱਧੇ ਲੇਟਕੇ ਗਰਦਨ ਦੇ ਨੇੜੇ ਸਿਰਹਾਣਾ ਰੱਖੋ ਜਿਸ ਨਾਲ ਤੁਸੀਂ ਧੁੰਨੀ ਤੇ ਧਿਆਨ ਕੇਂਦਰਿਤ ਕਰ ਸਕੋ।

ਇਸ ਮੁਦਰਾ ਦੇ ਬਾਦ ਤੁਸੀਂ ਸਾਹ ਅੰਦਰ ਨੂੰ ਖਿੱਚੋ, ਸਾਹ ਖਿੱਚਣ ਨਾਲ ਪੇਟ ਬੈਠਦਾ ਹੈ, ਪ੍ਰੰਤੂ ਇਸ ਕ੍ਰਿਆ ਵਿਚ ਤੁਸੀਂ ਕੋਸ਼ਿਸ਼ ਇਹ ਕਰਨੀ ਹੈ ਕਿ ਪੂਰਾ ਪੇਟ ਅੰਦਰ ਨਾ ਖਿੱਚਕੇ ਸਿਰਫ਼ ਧੁੰਨੀ ਹੀ ਸਾਹ ਖਿੱਚਣ ਨਾਲ ਅੰਦਰ ਨੂੰ ਦੱਬੀ ਜਾਵੇ। ਇਹ ਕ੍ਰਿਆ ਪਹਿਲੇ ਦਿਨ ਤਿੰਨ ਵਾਰੀ ਕਰੋ। ਇਸ ਨਾਲ ਸ਼ੁਰੂ ਸ਼ੁਰੂ ਵਿਚ ਪੇਟ ਵਿਚ ਦਰਦ ਮਹਿਸੂਸ ਹੋਵੇਗਾ, ਪ੍ਰੰਤੂ ਚਿੰਤਾ ਵਾਲੀ ਕੋਈ ਗੱਲ ਨਹੀਂ। ਅਭਿਆਸ ਕਰਨ ਨਾਲ ਦਰਦ ਖਤਮ ਹੋ ਜਾਵੇਗਾ।

ਜਿਹਨਾਂ ਦੀ ਧੁੰਨੀ ਡੂੰਘੀ ਨਹੀਂ ਉਹ ਡੂੰਘੀ ਹੋਣ ਲੱਗ ਜਾਵੇਗੀ ਅਤੇ ਪੇਟ ਵੀ ਦਿਲਕਸ਼ ਬਣਦਾ ਜਾਵੇਗਾ। ਗਰਭਣੀ ਰੇਖਾਵਾਂ ਪੇਟ ਦੀ ਸੁੰਦਰਤਾ ਦੇ ਨਾਲ ਨਾਲ ਧੁੰਨੀ ਦੀ ਸੁੰਦਰਤਾ ਨੂੰ ਵੀ ਨਸ਼ਟ ਕਰ ਦਿੰਦੀਆਂ ਹਨ।

ਇਹ ਤੋਂ ਬਚਣ ਲਈ ਔਰਤਾਂ ਨੂੰ ਧੁੰਨੀ ਤੋਂ ਤਿੰਨ ਇੰਚ ਹੇਠਾਂ ਸਾੜੀ ਪਹਿਨਣੀ ਚਾਹੀਦੀ ਹੈ। ਧੁੰਨੀ ਤੋਂ ਹੇਠਾਂ ਬਸਤਰ ਪਹਿਨਣ ਦੀ ਆਦਤ, ਮਰਦ ਅਤੇ ਔਰਤ, ਦੋਵਾਂ ਨੂੰ ਪਾ ਲੈਣੀ ਚਾਹੀਦੀ ਹੈ।

ਧੁੰਨੀ ਦੇ ਸ਼ਿੰਗਾਰ ਲਈ ਅੱਜ ਕੱਲ੍ਹ ਮੁਟਿਆਰਾਂ ਕੰਨਾਂ ਦੀ ਤਰ੍ਹਾਂ ਧੁੰਨੀ ਨੂੰ ਵਿੰਨ੍ਹਾਉਣ ਲੱਗ ਪਈਆਂ ਹਨ ਅਤੇ ਇਸ ਵਿੱਚ ਘੁੰਗਰੂਆਂ ਵਾਲਾ ਛੱਲਾ ਪਾ ਲੈਂਦੀਆਂ ਹਨ।









NZ INDIAN SPORTS & CULTURAL CLUB INC.
P.O. Box 27410, Mt Roskill, Auckland - 1440
NZBN - 9429051471545
Ph: 09-390 0004, Email: nzindianclub@gmail.com

Nz Indian sports and cultural club

Organising Committee

**Hardev Singh Brar**
President
+64274427338
Email. hardevbrar@gmail.com

**Hardev Mahinangal**
Vice President
+642102612568
hardevmahinangal@gmail.com

**Jaswinder Brar**
Secretary
jassibrar2024@gmail.com

**Gurdeep Singh**
Treasurer
+64222786226
kalabrar@gmail.com

**Rubal Singh**
Cultural Secretary
021333350
Rubal.singh@raywhite.com

**Sarabjit Singh**
Sports Secretary
0210426837

**Panchpreet Dhillon**
Auditor
Panchpreetnz@gmail.com



HOUSE OF GOLD & DIAMOND
HOGD
BY GLITTER JEWELLERS

HOUSE OF GOLD & DIAMOND

Sale on Now
on
All 22ct
Gold Jewellery



24 ਕੈਰਟ ਗੋਲਡ ਬਿਸਕੁੱਟ ਦੀ ਸਪੈਸ਼ਲ ਕੀਮਤ ਜਾਨਣ ਲਈ ਫੋਨ ਕਰੋ।

ਇੰਸ਼ੋਰੈਂਸ ਅਤੇ ਜਿਊਲਰੀ ਰਿਪੇਅਰ ਕਰਵਾਉਣ ਵਾਸਤੇ ਵੀ ਮਿਲੋ।
ਨੋਟ: ਇਥੇ ਰਾਸ਼ੀ ਦੇ ਨਗ ਵੀ ਮਿਲਦੇ ਹਨ। ਤੁਸੀਂ ਇਥੋਂ ਵਿਆਹ ਵਾਸਤੇ ਜਾਗੋ ਵੀ ਕਿਰਾਏ ਤੇ ਲੈ ਸਕਦੇ ਹੋ।

7/214 Great South Road, (Next to ASB Bank), Manurewa, AKL
Ph: 09-218 0105, Mob: 022 440 0000
www.glittercollection.co.nz | Email: glitterjewellers@yahoo.co.nz


# ਜਿੱਤ ਮਗਰੋਂ ਕਸੂਤੀ ਫਸੀ ਭਾਰਤੀ ਟੀਮ,ਬਾਰਬਾਡੋਸ ਤੋਂ ਨਿਕਲਣਾ ਹੋਇਆ ਮੁਸ਼ਕਿਲ



ਨਵੀਂ ਦਿੱਲੀ : ਭਾਰਤੀ ਕ੍ਰਿਕਟ ਟੀਮ ਟੀ-20 ਵਿਸ਼ਵ ਕੱਪ 2024 ਦਾ ਫਾਈਨਲ ਜਿੱਤਣ ਤੋਂ ਬਾਅਦ ਅਜੇ ਤੱਕ ਬਾਰਬਾਡੋਸ ਤੋਂ ਬਾਹਰ ਨਹੀਂ ਨਿਕਲ ਸਕੀ। ਟੀਮ ਇੰਡੀਆ ਚੱਕਰਵਾਤੀ ਤੂਫਾਨ ਕਰਕੇ ਫਸ ਗਈ ਹੈ। ਉਨ੍ਹਾਂ ਨੇ ਬਾਰਬਾਡੋਸ ਤੋਂ ਨਿਊਯਾਰਕ ਲਈ ਰਵਾਨਾ ਹੋਣਾ ਸੀ ਪਰ ਤੂਫਾਨ ਬੇਰਿਲ ਕਰਕੇ ਉਹ ਹਾਲੇ ਤੱਕ ਨਹੀਂ ਨਿਕਲ ਸਕੇ। ਟੀਮ ਇੰਡੀਆ ਇਸ ਸਮੇਂ ਖ਼ਰਾਬ ਮੌਸਮ ਕਾਰਨ ਸੰਕਟ ਦੀ ਸਥਿਤੀ ‘ਚ ਹੈ।

ਇਕ ਰਿਪੋਰਟ ਮੁਤਾਬਕ, ਬਾਰਬਾਡੋਸ ਦਾ ਏਅਰਪੋਰਟ ਵੀ ਬੰਦ ਕਰ ਦਿੱਤਾ ਗਿਆ ਹੈ। ਬਾਰਬਾਡੋਸ ‘ਚ ਚੱਕਰਵਾਤੀ ਤੂਫਾਨ ਕਾਰਨ ਕਰਫਿਊ ਵਰਗੀ ਸਥਿਤੀ ਬਣੀ ਹੋਈ ਹੈ। ਇੱਥੋਂ ਦਾ ਹਵਾਈ ਅੱਡਾ ਬੰਦ ਕਰ ਦਿੱਤਾ ਗਿਆ ਹੈ। ਕਿਸੇ ਨੂੰ ਵੀ ਘਰੋਂ ਬਾਹਰ ਜਾਣ ਦੀ ਇਜਾਜ਼ਤ ਨਹੀਂ ਦਿੱਤੀ ਗਈ ਹੈ। ਤੂਫਾਨ ਬੇਰਿਲ ਕਰਕੇ ਬਹੁਤ ਮੁਸ਼ਕਿਲ ਸਥਿਤੀ ਪੈਦਾ ਹੋ ਗਈ ਹੈ। ਰਿਪੋਰਟਾਂ ਦੀ ਮੰਨੀਏ ਤਾਂ ਟੀਮ ਇੰਡੀਆ ਹੁਣ ਨਿਊਯਾਰਕ ਜਾਣ ਦੀ ਬਜਾਏ ਸਪੈਸ਼ਲ ਚਾਰਟਰਡ ਜਹਾਜ਼ ਰਾਹੀਂ ਸਿੱਧੇ ਦਿੱਲੀ ਲਈ ਰਵਾਨਾ ਹੋਵੇਗੀ ਪਰ ਇਸ ਲਈ ਫਿਲਹਾਲ ਇੰਤਜ਼ਾਰ ਕਰਨਾ ਪਵੇਗਾ। ਉੱਥੇ ਅਜੇ ਤੱਕ ਕੋਈ ਆਮ ਸਥਿਤੀ ਨਹੀਂ ਹੈ।

ਫਿਲਹਾਲ ਟੀਮ ਇੰਡੀਆ ਨੂੰ ਲੈ ਕੇ ਕੋਈ ਅਧਿਕਾਰਤ ਜਾਣਕਾਰੀ ਸਾਹਮਣੇ ਨਹੀਂ ਆਈ ਹੈ ਪਰ ਜੇਕਰ ਰਿਪੋਰਟਾਂ ਦੀ ਮੰਨੀਏ ਤਾਂ ਭਾਰਤੀ ਟੀਮ 3 ਜੁਲਾਈ ਤੱਕ ਆਪਣੇ ਦੇਸ਼ ਪਰਤ ਸਕਦੀ ਹੈ। ਇਹ ਬਾਰਬਾਡੋਸ ਦੇ ਮੌਸਮ ‘ਤੇ ਨਿਰਭਰ ਕਰੇਗਾ ਕਿ ਉਹ ਕਦੋਂ ਰਵਾਨਾ ਹੋਣਗੇ। ਭਾਰਤੀ ਟੀਮ ਨੇ ਫਾਈਨਲ ਤੋਂ ਬਾਅਦ ਨਿਊਯਾਰਕ ਲਈ ਰਵਾਨਾ ਹੋਣਾ ਸੀ, ਜਿੱਥੋਂ ਉਨ੍ਹਾਂ ਨੇ ਦਿੱਲੀ ਲਈ ਫਲਾਈਟ ਲੈਣੀ ਸੀ ਪਰ ਹੁਣ ਅਜਿਹਾ ਨਹੀਂ ਹੋਵੇਗਾ। ਹੁਣ ਭਾਰਤੀ ਟੀਮ ਸਿੱਧੀ ਦਿੱਲੀ ਆ ਸਕਦੀ ਹੈ।

ਤੂਫਾਨ ਬੇਰਿਲ ਨੂੰ ਬਹੁਤ ਖ਼ਤਰਨਾਕ ਮੰਨਿਆ ਜਾ ਰਿਹਾ ਹੈ। ਇਸ ਦੇ ਆਉਣ ਕਰਕੇ ਐਤਵਾਰ ਨੂੰ ਕਰੀਬ 130 ਮੀਲ ਪ੍ਰਤੀ ਘੰਟੇ ਦੀ ਰਫ਼ਤਾਰ ਨਾਲ ਹਵਾਵਾਂ= ਚੱਲ ਰਹੀਆਂ ਸਨ।

ਹੁਣ ਇਹ ਸ਼੍ਰੇਣੀ 4 ‘ਚ ਆ ਗਿਆ ਹੈ। ਇਸ ਦੀ ਅੱਗੇ ਕੀ ਸਥਿਤੀ ਹੋਵੇਗੀ, ਇਸ ਬਾਰੇ ਕੋਈ ਅਧਿਕਾਰਤ ਜਾਣਕਾਰੀ ਨਹੀਂ ਹੈ ਪਰ ਉਮੀਦ ਹੈ ਕਿ ਜਲਦੀ ਹੀ ਸਥਿਤੀ ਆਮ ਵਾਂਗ ਹੋ ਜਾਵੇਗੀ ਅਤੇ ਏਅਰਪੋਰਟ ਖੁੱਲ੍ਹਦਿਆਂ ਹੀ ਟੀਮ ਇੰਡੀਆ ਰਵਾਨਾ ਹੋ ਜਾਵੇਗੀ।

ਭਾਰਤ ਨੇ ਸ਼ਨੀਵਾਰ ਨੂੰ ਟੀ-20 ਵਿਸ਼ਵ ਕੱਪ 2024 ਦੇ ਫਾਈਨਲ ‘ਚ ਦੱਖਣੀ ਅਫਰੀਕਾ ਨੂੰ ਹਰਾਇਆ ਸੀ। ਟੀਮ ਇੰਡੀਆ ਨੇ ਦੂਜੀ ਵਾਰ ਇਹ ਖ਼ਿਤਾਬ ਜਿੱਤਿਆ ਹੈ। ਇਸ ਮੈਚ ‘ਚ ਵਿਰਾਟ ਕੋਹਲੀ, ਜਸਪ੍ਰੀਤ ਬੁਮਰਾਹ, ਹਾਰਦਿਕ ਪੰਡਯਾ ਅਤੇ ਅਰਸ਼ਦੀਪ ਸਿੰਘ ਨੇ ਅਹਿਮ ਭੂਮਿਕਾਵਾਂ ਨਿਭਾਈਆਂ ਹਨ।

ਕੋਹਲੀ ਨੇ 76 ਦੌੜਾਂ ਦੀ ਜ਼ਬਰਦਸਤ ਪਾਰੀ ਖੇਡੀ ਸੀ। ਟੀਮ ਇੰਡੀਆ ਨੂੰ ਚੈਂਪੀਅਨ ਬਣਨ ਤੋਂ ਬਾਅਦ ਕਰੋੜਾਂ ਰੁਪਏ ਇਨਾਮ ਵਜੋਂ ਮਿਲੇ ਹਨ। ਬੀਸੀਸੀਆਈ ਨੇ 125 ਕਰੋੜ ਦੀ ਇਨਾਮੀ ਰਾਸ਼ੀ ਦਾ ਐਲਾਨ ਕੀਤਾ ਹੈ।




ਸੰਸਾਰ ਭਰ ਵਿੱਚ ਲੱਖਾਂ ਧਰਮ ਤੇ ਉਸਨੂੰ ਵੱਖੋ ਵੱਖਰੇ ਮੰਨਣ ਵਾਲੇ ਮਨੁੱਖ ਹਨ।ਇਨਾਂ ਵਿਚੋਂ ਹਰ ਧਰਮ ਆਪਣੇ ਆਪ ਵਿੱਚ ਵਿਲੱਖਣਤਾ ਨੂੰ ਸਮੇਟੀ ਬੈਠਿਆ ਹੈ।ਇਨਾਂ ਵੱਖਰੇ ਵੱਖਰੇ ਧਰਮਾਂ ਨੂੰ ਅੱਡੋ ਅੱਡੀ ਰਸਤਿਆਂ ,ਅੱਡੋ ਅੱਡੀ ਨਦੀਆਂ ਤੇ ਫਿਰ ਇੱਕੋ ਮੰਜ਼ਿਲ ( ਉਹ ਅਗੰਮ ਅਪਾਰਾ, ਸਭ ਦਾ ਪਾਲਾਲਣਹਾਰਾ / ਵਾਹਿਗੁਰੂ/ਪ੍ਰਭੂ/ ਪ੍ਰਮਾਤਮਾ) ਤੇ ਇੱਕੋ ਹੀ ਸਮੁੰਦਰ( ਤਰਤੀਬ ਵਾਰ) ਨਾਲ ਜੇ ਜੁੜਨ ਦੀ ਤਸ਼ਬੀਹ ਦਈਏ , ਤਾਂ ਗਲਤ ਨਹੀਂ ਹੋਵੇਗਾ। ਜਾਂ ਇੰਜ ਵੀ ਕਿਹਾ ਜਾ ਸਕਦਾ ਹੈ ਕਿ ਇੱਕ ਹੀ ਮਾਨਸਰੋਵਰ ਤੋਂ ਵੱਖ ਵੱਖ ਨਦੀਆਂ ਨਿੱਕਲਦੀਆਂ ਹਨ ,ਭਾਵ ਸਿਰਜਨਹਾਰ ਇੱਕ ਹੈ, ਉਸਨੂੰ ਮੰਨਣ ਦੇ ਢੰਗ ਅੱਡ ਹਨ।ਇਥੇ ਦੱਸਣਯੋਗ ਹੈ ਕਿ ਹਰ ਧਰਮ ਦਾ ,ਆਦਿ, ਲਗਭਗ ਇੱਕ ਤਰਾਂ ਦਾ ਹੀ ਹੋਕਾ ਦਿੰਦਾ ਹੈ।ਸਮੇਂ ਦੇ ਗੁਜ਼ਰਨ ਦੇ ਨਾਲ ਨਾਲ ਮਨੁੱਖ ਆਪਣੀ ਸੁਵਿਧਾ ਤੇ ਮੱਤ ਅਨੁਸਾਰ ਬਹੁਤ ਵੱਡੀਆਂ ਵੱਡੀਆਂ ਤਬਦੀਲੀਆਂ ਕਰਕੇ ਬਹੁਤ ਸਾਰੇ ਅਰਥਾਂ ਦਾ ਅਨਰਥ ਬਣਾਕੇ ਆਪਣੀਆਂ ਲੋੜਾਂ ਤੇ ਉੱਪਲਬਦੀਆਂ ਨੂੰ ਧਰਮ ਦੇ ਨਾਂ ਤੇ ਵਰਤਣ ਲੱਗ ਗਿਆ ਹੈ। ਕੋਈ ਧਰਮ ਮਾਸ ਤੇ ਸ਼ਰਾਬ ਦੀ ਵਰਤੋਂ ਨੂੰ ਕੋਈ ਗਲਤ ਗੱਲ ਨਹੀਂ ਦੱਸਦਾ , ਉਸ ਨੂੰ ਮੰਨਣ ਵਾਲਿਆਂ ਦਾ ਵਿਚਾਰ ਹੈ ਕਿ ਇਸ ਤਰਾਂ ਕਰਨ ਨਾਲ ਸੰਸਾਰ ਦਾ ਸੰਤੁਲਨ ਬਣਿਆ ਰਹਿੰਦਾ ਹੈ, ਜਦਕਿ ਪ੍ਰਮਾਤਮਾ ਨੇ ਹਰ ਜੀਵ ਨੂੰ ਜੀਣ ਦਾ ਹੱਕ ਦਿੱਤਾ ਹੈ ,ਜੋ ਅਸੀਂ ਮਨੁੱਖ ਆਪਣੇ ਸਵਾਦ ਖਾਤਰ ਖੋਹ ਲੈਂਦੇ ਹਾਂ ਤੇ ਸੰਤੁਲਨ ਨਾਲ ਜੋੜ ਦਿੰਦੇ ਹਾਂ। ਕੁਝ ਧਰਮ ਜਾਦੂ ਟੂਣੇ,ਭੂਤ ਪ੍ਰੇਤ, ਤੇ ਬਲੀ ਆਦਿ ਨੂੰ ਧਰਮ ਦਾ ਇੱਕ ਅੰਗ ਸਮਝਦੇ ਹਨ । ਮੇਰੀ ਸੋਚਣੀ ਅਨੁਸਾਰ ਧਰਮ ਕੋਈ ਵੀ ਹੋਵੇ ਆਦਰਯੋਗ ਹੋਣ ਦੇ ਨਾਲ ਨਾਲ ਬਹੁਤ ਹੀ ਸਰਲ ਤੇ ਸਪੱਸ਼ਟ ਹੁੰਦਾ ਹੈ। ਪੁਰਾਣੇ ਸਮਿਆਂ ਤੋਂ ਹੀ ਆਮ ਤੌਰ ਤੇ ਪ੍ਰਭੂ ਦੀ ਪੂਜਨੀਕ ਥਾਵਾਂ ਦੇ ਸੇਵਕ ਧਾਰਮਿਕ ਸਥਾਨਾਂ ਦੇ ਚੜਾਵੇ ਨੂੰ ਆਪਣਾ ਨਿੱਜੀ ਹੱਕ ਮੰਨਕੇ , ਆਪਣੇ ਨਿੱਜੀ ਸਵਾਰਥਾਂ ਲਈ ਵਰਤਦਿਆਂ ਭ੍ਰਿਸ਼ਟਾਚਾਰ ਦੀ ਦਲਦਲ ਵਿੱਚ ਪੂਰੀ ਤਰਾਂ ਗੜੁੰਦ ਹੋ ਚੁੱਕੇ ਹਨ। ਰੱਬ ਦਾ ਨਾਂ ਤਾਂ ਉਨ੍ਹਾਂ ਲਈ ਸਿਰਫ ਇੱਕ ਢੌਂਗ ਬਣਕੇ ਰਹਿ ਗਿਆ ਹੈ।

**ਪ੍ਰਭੂ ਪ੍ਰਮਾਤਮਾ ਵਿੱਚ ਆਸਥਾ ਰੱਖਣ ਦਾ ਕਾਰਣ ;-** ਇਹ ਜੋ ਤਿੰਨ ਲੋਕ ਦੀ (ਆਕਾਸ਼, ਪ੍ਰਿਥਵੀ ਤੇ ਪਤਾਲ) ਵਿਸ਼ਾਲ ਰਚਨਾ ਹੋਈ ਹੈ ਇਹ ਕਿਸ ਕਾਰੀਗਰ ਦਾ ਕੰਮ ਹੈ,ਕਿਹੜੀ ਕੰਪਨੀ ਨੇ ਇਹ ,ਪਹਾੜ,ਸੁੰਦਰ ਵਣ,ਰੰਗ ਬਰੰਗੇ ਜੀਵ ਜੰਤੂ ਤੇ ਵਨਸਪਤੀ, ਇੱਕ ਤੋਂ ਇੱਕ ਵਧਕੇ ਜਲ ਸਰੋਤ, ਕੋਈ ਜੀਵ ਪਾਣੀ ਵਿੱਚ ਜਿਉਂਦਾ ਹੈ ਤੇ ਕੋਈ ਹਵਾ ਵਿੱਚ, ਕਿਸੇ ਨੂੰ ਜੀਣ ਲਈ ਆਕਸੀਜਨ ਚਾਹੀਦੀ ਹੈ ਤੇ ਕੋਈ ਆਕਸੀਜਨ ਨਾਲ ਮਰ ਜਾਂਦਾ ਹੈ। ਕੋਈ ਆਪਣੇ ਬੱਚਿਆਂ ਨੂੰ ਮਨੁੱਖ ਵਾਂਗ ਪਾਲਦਾ ਹੈ ਤੇ ਕੋਈ ਜੀਵ ਆਪਣੇ ਹੀ ਬੱਚਿਆਂ ਨੂੰ ਜੰਮਦਿਆਂ ਹੀ ਖਾ ਜਾਂਦਾ ਹੈ ,ਇਹ ਸਭ ਕੁਝ ਕਿਸ ਠੇਕੇਦਾਰ ਨੇ ਬਣਾਇਆ ਹੈ। ਅੱਗੇ ਵਧੀਏ, ਤਾਂ ਮਾਂ ਦੇ ਗਰਭ ਵਿੱਚ ਬੱਚੇ ਵਿੱਚ ਜਾਨ ਕਿਵੇਂ ਪੈਂਦੀ ਹੈ ਤੇ ਸਮਾਂ ਆਉਣ ਤੇ ਜਾਨ ਨਿੱਕਲ ਕਿਵੇਂ ਜਾਂਦੀ ਹੈ। ਬਹੁਤ ਸਾਰੇ ਸਾਇੰਸਦਾਨਾਂ ਨੇ ਮਾਂ ਦੇ ਗਰਭ ਤੋਂ ਬਾਹਰ ਪੂਰੀ ਪ੍ਰਕਿਰਿਆ ਨਿਭਾਉਂਦੇ ਹੋਏ ਮਾਤਾ ਤੇ ਪਿਤਾ ਦੇ ਓਵਮ ਤੇ ਸਪਰਮ ਮਿਲਾਕੇ ਬੜਾ ਜ਼ੋਰ ਲਾਇਆ, ਪਰ ਨਵਾਂ ਜੀਵਨ ਸ਼ੁਰੂ ਕਰ ਸਕਣ ਵਿੱਚ ਨਾਕਾਮਯਾਬ ਹੀ ਰਹੇ, ਕਿਉਂਕਿ ਪਰਮਾਤਮਾ ਅਗੰਮ ਹੈ, ਅਗੋਚਰ ਹੈ, ਸਾਰੀ ਕੁਦਰਤ ਉਸਦੀ ਰਚੀ ਖੇਡ ਹੈ। ਅਸੀਂ ਉਸ ਬਾਰੇ ਕੁਝ ਨਹੀਂ ਜਾਣਦੇ। ਅਸਾਸੇ ਜਿੰਨੇ ਮਰਜ਼ੀ ਲਾਈ ਜਾਈਏ। ਇੰਨਾ ਕੁ ਹੈ ਕਿ ਉਸਨੇ ਇਨਸਾਨ ਨੂੰ ਸਾਰੇ ਜੀਵ ਜੰਤੂ ਤੇ ਵਨਸਪਤੀ ਨਾਲੋਂ ਉੱਤਮ ਬਹੁਤ ਸਾਰੀਆਂ ਨਿਆਮਤਾਂ ਦਿੱਤੀਆਂ ਹੋਈਆਂ ਹਨ।ਜਿਵੇਂ ਇੱਕ ਰੌਸ਼ਨ ਤੇ ਮਹੀਨ ਸੋਚ ਰੱਖਣ ਵਾਲਾ ਦਿਮਾਗ,ਵਾਣੀ ਨਾਲ ਭਾਸ਼ਾ, ਸ਼ਕਤੀ ਤੇ ਸੁੰਦਰ ਕਾਇਆ। ਆਪਣੀ ਇਸ ਉੱਤਮ ਸੋਚ ਸਦਕਾ ਹੀ ਇਹ ਅੱਜ ਪੱਥਰ ਯੁੱਗ ਤੋਂ ਤਰੱਕੀ ਕਰਦਾ ਕਰਦਾ ਆਰਟੀਫਿਸ਼ਲ ਇੰਟੈਲੀਜੈਂਸ ਦੀਆਂ ਆਰਾਮਦਾਇਕ ਸਹੂਲਤਾਂ ਨੂੰ ਮਾਣ ਰਿਹਾ ਹੈ। ਪਰ ਰੱਬ ਕੌਣ ਹੈ, ਉਸਦੀ ਦਿੱਖ ਕਿਹੋ ਜਿਹੀ ਹੈ, ਰੰਗ ਰੂਪ ਕਿਵੇਂ ਦਾ ਹੈ, ਉਹ ਰਹਿੰਦਾ ਕਿਥੇ ਹੈ, ਖਾਂਦਾ ਪੀਂਦਾ ਕੀ ਹੈ, ਅਜਿਹੇ ਹਜ਼ਾਰਾਂ ਸਵਾਲਾਂ ਦਾ ਜਵਾਬ ਕਿਸੇ ਕੋਲ ਨਹੀਂ ਤੇ ਸਭ ਤੋਂ ਵਧੀਆ ਗੱਲ ਇਹੀ ਹੈ ਕਿ ਉਹ ਸਾਡੇ ਅੰਦਰ ਰਹਿੰਦਿਆਂ ਹੋਇਆਂ, ਕਣ ਕਣ ਵਿੱਚ ਵੱਸਦਿਆਂ ਹੋਇਆਂ ਵੀ ਸਾਡੇ ਇੰਦ੍ਰਿਆਂ ਦੀ ਪਹੁੰਚ ਤੋਂ ਦੂਰ ਹੈ।ਸਾਨੂੰ ਉਸਦੇ ਨਿਰਾਕਾਰ ਆਕਾਰ ਨੂੰ ਮੰਨਕੇ ,ਆਪਣੀ ਹੋਂਦ ਉਸਦਾ ਪ੍ਰਸਾਦਿ ਸਮਝਕੇ ਸ਼ੁਕਰਾਨੇ ਵਿੱਚ ਹੰਢਾਉਣਾ ਚਾਹੀਦਾ ਹੈ। ਇਸਨੂੰ ਇਦਾਂ ਵੀ ਕਿਹਾ ਜਾ ਸਕਦਾ ਹੈ, "effect without fact" ਉਸਦੀ ਕਰਾਮਾਤ ਪਲ ਪਲ ਤੇ ਵਰਤਦੀ ਹੈ । ਧਰਤੀ ਉਪਰਲਾ ਮਨੁੱਖ ਤੇ ਹਰ ਜੀਵ ਚਲਦੀ ਫਿਰਦੀ ਅਵਸਥਾ ਵਿੱਚ ਹੈ, ਕੀ ਅਸੀਂ ਕਦੇ ਸੋਚਿਆ ਕਿ, ਇਨਾਂ ਨੂੰ ਕੌਣ ਚਲਾਉਂਦਾ ਹੈ, ਜਾਂ ਕੋਈ ਬਿਜਲੀ ਦੀਆਂ ਤਾਰਾਂ ਕਰੰਟ ਦੀ ਤਾਕਤ ਨਾਲ ਚਲਾਉਂਦੀਆਂ ਹਨ।ਇਨਾਂ ਹੀ ਨਹੀਂ ਸਰੀਰ ਦੇ ਸਾਰੇ ਸਿਸਟਮ ਜਿਵੇਂ ਕਾਰਡੀਓਵੈਸਕੂਲਰ ਸਿਸਟਮ, ਯੂਰੀਨਰੀ ਸਿਸਟਮ, ਗੈਸਟਰੋਇੰਟਸਟਾਈਨਲ ਸਿਸਟਮ ਤੇ ਹੋਰ ਬਹੁਤ ਸਾਰੇ ਸਿਸਟਮ ਆਪਣੇ ਆਪ ਆਪਣਾ ਕੰਮ ਕਰੀ ਜਾ ਰਹੇ ਹਨ । ਬੱਚਾ ਜਨਮ ਤੋਂ ਬਾਅਦ ਇੱਕ ਆਮ ਪ੍ਰਕਿਰਿਆ ਰਾਹੀਂ ਵੱਡਾ ਹੋਈ ਜਾਂਦਾ ਹੈ, ਜਵਾਨੀ ਤੋਂ ਬਾਅਦ ਬੁਢਾਪਾ ਤੇ ਫਿਰ ਮੌਤ , ਸਭ ਕੁਝ ਆਪਣੇ ਆਪ ਵਰਤਦਾ ਹੈ।ਕੀ ਇਹ ਚਮਤਕਾਰ ਨਹੀਂ ?

## ਅਸਲ ਧਰਮ ਕੀ ਹੈ ?

ਸਭ ਤੋਂ ਪਹਿਲਾਂ ਤਾਂ ਧਰਮ ਸਾਦਗੀ ਵਿੱਚ ਵਿਆਪਤ ਹੁੰਦਾ ਹੈ।ਵਹਿਮ ਭਰਮ,ਜਾਦੂ ਟੂਣਾ ਛੂਆ ਛੂਤ ,ਕਰਮ ਕਾਂਡ,ਯੱਗ,ਬਲੀ ਆਪਣੇ ਆਪ ਨੂੰ ਕਸ਼ਟ ਦੇਣਾ , ਸਮਾਜਿਕ ਜ਼ਿੰਮੇਵਾਰੀਆਂ ਛੱਡ ਕੇ ਕਠੋਰ ਤਪ ਕਰਨ ਲਈ ਖਤਰਨਾਕ ਜੰਗਲਾਂ,ਬਿਆਬਾਨ ਮਾਰੂਥਲ, ਬਰਫੀਲੀਆਂ ਪਹਾੜੀਆਂ ਤੇ ਆਪਣੇ ਆਪ ਨੂੰ ਤਸੀਹੇ ਦੇਣੇ ਕੋਈ ਧਰਮ ਨਹੀਂ ।

ਬਹੁਤ ਹੀ ਸੰਖੇਪ ਵਿੱਚ ਹਰ ਧਰਮ ਦਾ ਮੂਲ ਹੇਠਾਂ ਦੇਣ ਲੱਗੀ ਹਾਂ ,ਕਮੀਆਂ ਲਈ ਮਾਫ਼ੀ।

1. ਇਮਾਨਦਾਰੀ, ਸੱਚਾਈ ਤੇ ਨੇਕਨੀਤੀ ਨਾਲ ਨੇਕ ਆਚਰਣ ਦਾ ਪੱਲਾ ਘੁੱਟ ਕੇ ਫੜੀ ਰੱਖਣਾ, ਫਿਰ ਭਾਵੇਂ ਜੀਵਨ ਵਿੱਚ ਹਨੇਰੀ, ਤੂਫ਼ਾਨ ਜਾਂ ਜ਼ਲਜ਼ਲਾ ਆ ਜਾਵੇ।

ਭਾਵ ਕਿਸੇ ਵੀ ਮਾੜੇ ਤੋਂ ਮਾੜੇ ਹਾਲਾਤ ਵਿੱਚ ਡੋਲਣਾ ਨਹੀਂ ,ਸਗੋਂ ਜੋ ਕੁਝ ਆਪਣੇ ਕੋਲ ਹੈ ਉਸ ਲਈ ਵਾਹਿਗੁਰੂ ਦਾ ਸ਼ੁਕਰਾਨਾ ਕਰਨਾ।

ਉਦਾਹਰਣ ਦੇ ਤੌਰ ਤੇ ਘਰ ਵਿੱਚ ਭੁਖਮਰੀ ਦੇ ਹਾਲਾਤ ਹੋਣ ਤੇ ਵੀ ਕਿਸੇ ਦੇ ਖੁਲੇ ਪਏ ਸਮਾਨ ਜਾਂ ਪੈਸੇ ਦੀ ਚੋਰੀ ਜਾਂ ਧੋਖਾ ਧੜੀ ਨਹੀਂ ਕਰਨੀਂ,ਸਗੋਂ ਮਿਹਨਤ ਕਰਕੇ ਜਾਂ ਮੰਗਕੇ ਲੋੜ ਪੂਰੀ ਕਰ ਲੈਣੀ ਤੇ ਪਰਮਾਤਮਾ ਦਾ ਧੰਨਵਾਦ ਇਸਲਈ ਕਰਨਾ ਕਿ ਅਜਿਹੇ ਹਾਲਾਤ ਵਿੱਚ ਵੀ ਸਾਡੀ ਲੋੜ ਪੂਰੀ ਹੋ ਗਈ ਹੈ।

2. ਗਰੀਬ ਦੀ ਪੁੱਜਕੇ,ਨਿਮਰਤਾ ਸਹਿਤ ਸਰਦੀ ਬਣਦੀ ਮਦਦ ਕਰਨੀ ਤੇ ਰੋਜ਼ਗਾਰ ਵਿੱਚ ਮਦਦ ਕਰਨੀ।

3. ਕੰਮ ਕਰਵਾਕੇ ਹੱਕ ਨਾ ਮਾਰਨਾ,ਸਗੋਂ ਦੋ ਪੈਸੇ ਵੱਧ ਤੇ ਸਮੇਂ ਨਾਲ ਅਦਾ ਕਰਨੇ।

4. ਦੂਸਰਿਆਂ ਦੇ ਅਵਗੁਣ ਤੇ ਆਪਣੇ ਗੁਣਾਂ ਵਾਲੀ ਨੀਤੀ ਬਦਲ ਕੇ , ਦੂਜੇ ਦੇ ਸਕਾਰਾਤਮਿਕ ਸੁਭਾਅ ਤੇ ਆਪਣੀਆਂ ਕਮੀਆਂ ਨੂੰ ਬਾਰ ਬਾਰ ਯਾਦ ਕਰਨਾ ਤੇ ਦੁਹਰਾਉਣਾ ਤਾਂ ਕਿ ਇਨਾਂ ਵਿਹਾਰਾਂ ਨੂੰ ਹਟਾਇਆ ਜਾ ਸਕੇ।

5. ਕੋਸ਼ਿਸ਼ ਕੀਤੀ ਜਾਵੇ ਕਿਸੇ ਨੂੰ ਮਾਨਸਿਕ ਜਾਂ ਕਿਸੇ ਵੀ ਤਰਾਂ ਦੀ ਠੇਸ ਨਾ ਪਹੁੰਚਾਈ ਜਾਵੇ,ਸਗੋਂ ਉਸ ਨੂੰ ਅਗਾਂਹ ਵਧਣ ਲਈ ਉਤਸ਼ਾਹਿਤ ਕੀਤਾ ਜਾਵੇ।

6. ਦੂਜੇ ਦਾ ਮਾੜਾ ਕਰਨਾ ਤਾਂ ਦੂਰ ਦੀ ਗੱਲ ਹੈ,ਮਾੜਾ ਸੋਚਣਾ ਵੀ ਨਹੀਂ ਚਾਹੀਦਾ,ਜੇ ਇਸ ਸੋਚ ਨੂੰ ਕੋਈ ਇਨਸਾਨ ਨਹੀਂ ਦੇਖ ਸਕਦਾ , ਤਾਂ ਉਹ ਅਪਰੰਪਾਰ ਤਾਂ ਹਾਜ਼ਰ ਨਾਜ਼ਰ ਦੇਖ ਹੀ ਰਿਹਾ ਹੈ ਤੇ ਚੰਗੇ ਮੰਦੇ ਕਰਮਾਂ ਦੇ ਫ਼ੈਸਲੇ ਤਾਂ ਉਸੇ ਨੇ ਕਰਨੇ ਹਨ ।

7. ਆਪਣੇ ਦਰਦ ਨੂੰ ਮਹਿਸੂਸ ਕਰਨ ਦੇ ਨਾਲ ਨਾਲ ਦੂਜਿਆਂ ਦਾ ਦੁੱਖ ਵੀ ਮਹਿਸੂਸ ਕਰੋ।

8. ਆਪਣਾ ਕੰਮ ਪੂਰੀ ਇਮਾਨਦਾਰੀ ਨਾਲ ਰੱਬ ਨੂੰ ਹਾਜ਼ਰ ਨਾਜ਼ਰ ਸਮਝਕੇ ਕਰੋ ।

9. ਧਨ ,ਦੌਲਤ ,ਸੁਹੱਪਣ,ਰੁਤਬੇ ਦਾ ਮਾਣ ਕਰਕੇ ,ਦੂਜੇ ਨੂੰ ਨੀਚਾ ਨਾ ਦਿਖਾਉ ,ਸਗੋਂ ਫਲ ਵਾਲੇ ਦਰਖ਼ਤ ਦੀ ਤਰ੍ਹਾਂ ਝੁਕ ਜਾਓ।

10. ਨਾ ਕਿਸੇ ਨੂੰ ਦੁੱਖ ਦਿਓ ਤੇ ਨਾ ਹੀ ਨਾਜਾਇਜ਼ ਬਰਦਾਸ਼ਤ ਕਰੋ । ਇਹ ਕਾਇਰਤਾ ਹੈ ,ਜਦ ਕਿ ਪ੍ਰਭੂ ਨੇ ਇਨਸਾਨ ਨੂੰ ਸਰੀਰਕ,ਤੇ ਮਾਨਸਿਕ ਦੋਨਾਂ ਤਰਾਂ ਦੀਆਂ ਸ਼ਕਤੀਆਂ ਦਿੱਤੀਆਂ ਹਨ।ਇਨਾਂ ਨੂੰ ਜਾਇਜ਼ ਢੰਗ ਨਾਲ ਵਰਤੋ। ਇਹ ਰਸਤਾ ਲੰਬਾ ਤੇ ਦੁੱਖ ਨਾਲ ਭਰਿਆ ਹੋ ਸਕਦਾ ਹੈ, ਪਰ ਵਾਹਿਗੁਰੂ ਦੇ ਨਾਮ ਦਾ ਪੱਲਾ ਘੁੱਟ ਕੇ ਫੜੀ ਰੱਖੋ ਤੇ ਹਰ ਤਰਾਂ ਦੇ ਉਤਾਰ ਚੜਾਵਾਂ ਦਾ ਡਟਕੇ ਸਾਹਮਣਾ ਕਰਦੇ ਰਹੋ। ਹਾਰਨ ਤੋਂ ਪਹਿਲਾਂ ਹੀ ਢੇਰੀ ਨਾ ਢਾ ਦਿਓ ।

ਇੱਕ ਦਿਨ ਅਸਲੀਅਤ ਵਿੱਚ ਚਮਤਕਾਰ ਹੋਵੇਗਾ ਤੇ ਸਾਰੀਆਂ ਉਲਟ ਵਗਦੀਆਂ ਹਵਾਵਾਂ ਆਪਣੇ ਆਪ ਤੁਹਾਡੇ ਵੱਲ ਦੀਆਂ ਹੋ ਜਾਣਗੀਆਂ। ਬੱਸ ਭਰੋਸੇ ਨੂੰ ਡਗਮਗਾਉਣ ਨਾ ਦਿਓ। ਹਾਂ ਇੱਕ ਚੀਜ਼ ਥੋੜਾ ਹਟਕੇ ਹੈ, ਇਸ ਕਲਯੁੱਗ ਵਿੱਚ ਦੁਸ਼ਮਣ ਦੀ ਸੋਚ ਤੋਂ ਅੱਗੇ ਦੀ ਸੋਚ ਵੀ ਰੱਖਣੀ ਜ਼ਰੂਰੀ ਹੈ।

ਭਾਂਵੇਂ ਕਲਯੁੱਗ ਦਾ ਇੱਕ ਹੀ ਪੈਰ ਜ਼ਮੀਨ ਤੇ ਹੈ,ਪਰ ਵਾਹਿਗੁਰੂ ਤੇ ਸਿਦਕ ਕਰਕੇ ਤਾਂ ਦੇਖੋ,ਉਹ ਤੁਹਾਡਾ ਭਰੋਸਾ ਟੁੱਟਣ ਨਹੀਂ ਦਵੇਗਾ ਤੇ ਜੋ ਅੱਜ ਤੱਕ ਕਦੇ ਨਹੀਂ ਹੋਇਆ, "ਉਹ" ਕਰਕੇ ਰਹੇਗਾ।

11. ਕਹਿਣ ਨੂੰ ਬਹੁਤ ਕੁਝ ਹੈ ਪਰ ਆਖਿਰ ਵਿੱਚ ਇਹੀ ਕਹਾਂਗੀ ਜਗਤ ਪਿਤਾ,ਗੁਰੂ ਨਾਨਕ ਦੇਵ ਜੀ ਦਾ ਫ਼ੁਰਮਾਨ ਹੈ "ਨਾਮ ਜਪੋ ,ਕਿਰਤ ਕਰੋ, ਵੰਡ ਛੱਕੋ"।

ਸੱਚੇ ਮਨ ਤੇ ਆਸਥਾ ਨਾਲ ਨਾਮ ਜਪਦਿਆਂ ,ਪਰਿਵਾਰ ਛੱਡਣ ਦੀ, ਬਹੁਤ ਸਾਰੇ ਪਰਹੇਜ਼ ਕਰਨ ਤੇ ਕਰਮਾਂ ਕਾਂਡਾਂ ਦੀ ਲੋੜ ਨਹੀਂ।

ਧਰਮ ਦੀ ਇਹੀ ਸਾਦਗੀ ਤੇ ਇਹੀ ਅਸਲੀ ਧਰਮ ਹੈ।

ਨਰੇਸ਼ ਕੁਮਾਰੀ ਸ਼ਰਮਾ
+02041755894



# ਸੁਦੇਸ਼ ਕਪੂਰ



ਸੁਦੇਸ਼ ਕਪੂਰ ਭਲੇ ਵੇਲਿਆਂ ਦੀ ਪ੍ਰਸਿੱਧ ਗਾਇਕਾ ਹੈ। ਉਸ ਦੇ ਨਾਂ ਤੋਂ ਹਰ ਉਹ ਸ਼ਖ਼ਸ ਜਾਣੂ ਹੈ, ਜਿਸ ਨੇ ਤਵਿਆਂ ਵਾਲੇ ਯੁੱਗ ਦਾ ਆਨੰਦ ਮਾਣਿਆ ਹੈ। ਸੁਦੇਸ਼ ਦੀ ਸ਼ਹਿਦ ਗੜੁੱਚ ਅਵਾਜ਼ ਸੁਣਨ ਵਾਲੇ ਦੇ ਧੁਰ ਅੰਦਰ ਤੱਕ ਲਹਿ ਜਾਂਦੀ ਸੀ, ਇਸੇ ਕਰਕੇ ਉਸ ਦਾ ਲਗਭਗ ਹਰ ਰਿਕਾਰਡ ਸਫ਼ਲ ਹੋਣ ਵਿੱਚ ਕਾਮਯਾਬ ਰਿਹਾ। ਸੁਦੇਸ਼ ਦੀ ਮਕਬੂਲੀਅਤ ਇੱਕ ਜਾਂ ਦੋ ਗੀਤਾਂ ਨਾਲ ਨਹੀਂ ਜੁੜੀ, ਸਗੋਂ ਦਰਜਨਾਂ ਅਜਿਹੇ ਗੀਤ ਹਨ, ਜਿਹੜੇ ਉਸ ਦੇ ਨਾਂ ਦੀ ਸ਼ੋਭਾ ਵਧਾਉਣ ਵਿੱਚ ਕਾਮਯਾਬ ਰਹੇ। ਸੁਦੇਸ਼ ਨੂੰ ਲੰਘੇ ਵੇਲੇ ਨਾਲ ਮੋਹ ਹੈ ਅਤੇ ਪਰ ਚੱਲ ਰਹੇ ’ਤੇ ਕੋਈ ਹਰਖ ਨਹੀਂ। ਘਰੋਂ ਉਹ ਸਰਦੀ-ਪੁੱਜਦੀ ਹੈ ਅਤੇ ਹੁਣ ਉਸ ਨੇ ਆਪਣਾ ਸਾਰਾ ਧਿਆਨ ਅਧਿਆਤਮਕ ਪਾਸੇ ਲਗਾਇਆ ਹੋਇਆ ਹੈ। ਸ਼ੋਰ-ਸ਼ਰਾਬੇ ਵਾਲੀ ਜ਼ਿੰਦਗੀ ਨੂੰ ਭੁੱਲ ਕੇ ਉਹ ਸ਼ਾਂਤ ਪਾਣੀ ਵਰਗਾ ਜੀਵਨ ਬਸਰ ਕਰ ਰਹੀ ਹੈ। ਹੁਣ ਉਹ ਸ਼ੌਂਕ ਪੂਰਤੀ ਲਈ ਗਾਉਂਦੀ ਹੈ, ਪੈਸਿਆਂ ਲਈ ਬਿਲਕੁਲ ਨਹੀਂ। ਉਹ ਰੱਬੀ ਰੰਗ ਵਾਲੇ ਗੀਤ ਗਾ ਕੇ ਰੂਹਦਾਰੀ ਕਰ ਰਹੀ ਹੈ ਅਤੇ ਵਰਿੰਦਾਬਣ ਵਾਲੇ ਵੈਰਾਗੀ ਬਾਬੇ ਦੀ ਪੱਕੀ ਸੇਵਕ ਬਣ ਚੁੱਕੀ ਹੈ। ਘਰ ਵਿੱਚ ਵੀ ਉਸ ਨੇ ਮੰਦਰ ਬਣਾਇਆ ਹੋਇਆ ਹੈ, ਜਿੱਥੇ ਉਹ ਸਵੇਰ ਦੇ ਦਸ ਵਜੇ ਤੱਕ ਪ੍ਰਭੂ ਭਗਤੀ ਵਿੱਚ ਲੀਨ ਰਹਿੰਦੀ ਹੈ। ਉਹ ਆਖਦੀ ਹੈ, ‘ਜ਼ਿੰਦਗੀ ਦੇ ਕੀਮਤੀ ਸਾਲ ਭੱਜ-ਦੌੜ ਵਿੱਚ ਗੁਆ ਛੱਡੇ, ਕਦੇ ਫ਼ਲਾਣੇ ਸ਼ਹਿਰ ਪ੍ਰੋਗਰਾਮ ਤੇ ਕਦੇ ਫ਼ਲਾਣੇ ਪਿੰਡ, ਕਦੇ ਫ਼ਲਾਣੇ ਨਾਲ ਰਿਕਾਰਡਿੰਗ ਤੇ ਕਦੇ ਫ਼ਲਾਣੇ ਨਾਲ, ਬੜਾ ਘੁੰਮ-ਫਿਰ ਕੇ ਦੇਖ ਲਿਆ, ਬਹੁਤ ਚੰਗੇ-ਮੰਦੇ ਤਜਰਬੇ ਝੋਲੀ ਪੁਆ ਲਏ, ਖ਼ੂਬ ਨਾਂ ਕਮਾ ਲਿਆ, ਚੰਗਾ ਪੈਸਾ ਬਣਾ ਲਿਆ, ਹੁਣ ਮੈਂ ਤੜਕ-ਭੜਕ ਵਾਲੀ ਜ਼ਿੰਦਗੀ ਵੱਲੋਂ ਮੂੰਹ ਮੋੜ ਕੇ ਰੱਬੀ ਰੰਗ ਵਿੱਚ ਲੀਨ ਹਾਂ, ਜਿੱਥੇ ਮੈਨੂੰ ਅੰਤਾਂ ਦਾ ਸਕੂਨ ਮਿਲ ਰਿਹਾ ਹੈ ਅਤੇ ਮੈਂ ਵੈਰਾਗੀ ਬਾਬਾ ਜੀ ਨੂੰ ਭਜਨ ਸੁਣਾ ਕੇ ਮਨ ਸ਼ਾਂਤ ਕਰ ਲੈਂਦੀ ਹਾਂ।

ਅੱਜ ਵੀ ਜਦੋਂ ਗ੍ਰਾਮੋਫ਼ੋਨ ਮਸ਼ੀਨ ’ਤੇ ਸੁਦੇਸ਼ ਕਪੂਰ ਦੇ ਗੀਤ ਸੁਣੀਂਦੇ ਹਨ ਤਾਂ ਮਨ ਉਸ ਦੀ ਸੁਰੀਲੀ ਅਵਾਜ਼ ਤੋਂ ਪ੍ਰਭਾਵਿਤ ਹੋਏ ਬਗੈਰ ਨਹੀਂ ਰਹਿ ਸਕਦਾ। ਜਿਸ ਨਾਲ ਵੀ ਸੁਦੇਸ਼ ਨੇ ਗਾਇਆ, ਬਸ ਕਮਾਲ ਹੋ ਗਈ। ਉਸ ਦੀ ਗਾਇਕੀ ਨੂੰ ਏਨਾ ਪਿਆਰ ਮਿਲਿਆ ਕਿ ਲੋਕ ਉਸ ਦੇ ਦੀਵਾਨੇ ਹੋ ਗਏ। ਉਸ ਦੇ ਮੂੰਹੋਂ ਨਿਕਲਿਆ ਹਰ ਗੀਤ ਸਰੋਤਿਆਂ ਦੀ ਪਿਆਰ ਪਟਾਰੀ ਦਾ ਸ਼ਿੰਗਾਰ ਬਣ ਗਿਆ। ਵੀਹ ਸਾਲ ਉਸ ਦੀ ਗਾਇਕੀ ਦਾ ਜਾਦੂ ਸਭਨਾਂ ਦੇ ਸਿਰ ਚੜ੍ਹ ਬੋਲਿਆ ਅਤੇ ਜਦੋਂ ਤਵਿਆਂ ਦੀ ਥਾਂ ਗਾਇਕੀ ਦੇ ਹੋਰ ਰੂਪ ਆ ਗਏ ਤਾਂ ਉਸ ਨੇ ਖ਼ੁਦ ਹੀ ਮੁਕਾਬਲੇ ਵਿਚੋਂ ਬਾਹਰ ਰਹਿਣਾ ਸ਼ੁਰੂ ਕਰ ਦਿੱਤਾ। ਸੁਦੇਸ਼ ਬਾਰੇ ਜਦੋਂ ਸੱਠਾਂ-ਸੱਤਰਾਂ ਨੂੰ ਪਹੁੰਚੇ ਬੰਦੇ ਕੋਲ ਗੱਲ ਕੀਤੀ ਜਾਂਦੀ ਹੈ ਤਾਂ ਉਹ ਆਖਦੈ, ‘ਅੱਛਾ-ਅੱਛਾ, ‘ਮਿੱਤਰਾਂ ਦਾ ਚੱਲਿਆ ਟਰੱਕ ਨੀਂ ਚੁੱਪ ਕਰਕੇ ਚੜ੍ਹਜਾ’ ਤੇ ‘ਨੈਣ ਪ੍ਰੀਤੋ ਦੇ’ ਵਾਲੀ ਸੁਦੇਸ਼।’ ਸੁਦੇਸ਼ ਨੂੰ ਅੱਜ ਵੀ ‘ਐਚ.ਐਮ.ਵੀ’ ਵੱਲੋਂ ਥੋੜ੍ਹੀ-ਬਹੁਤ ਰਾਇਲਟੀ ਦਿੱਤੀ ਜਾ ਰਹੀ ਹੈ। ਕੰਪਨੀ ਵੱਲੋਂ ਡਾਕ ਰਾਹੀਂ ਭੇਜੇ ਚੈੱਕ ਉਹ ਇੰਜ ਸੰਭਾਲ ਕੇ ਰੱਖਦੀ ਹੈ ਜਿਵੇਂ ਨਵ-ਵਿਆਹੀ ਆਪਣੇ ਦਾਜ ਦਾ ਸਮਾਨ ਸੰਭਾਲਦੀ ਹੈ ਕਿਉਂਕਿ ਇਨ੍ਹਾਂ ਨੂੰ ਉਹ ਅਤੀਤ ਦੀ ਨਿਸ਼ਾਨੀ ਮੰਨਦੀ ਹੈ।

ਸੁਦੇਸ਼ ਦਾ ਜਨਮ ਪਾਕਿਸਤਾਨ ਦੇ ਸ਼ਹਿਰ ਕਰਾਚੀ ਵਿੱਚ ਅਜ਼ਾਦੀ ਤੋਂ ਇੱਕ ਸਾਲ ਪਹਿਲਾਂ ਹੋਇਆ। ਵੰਡ ਤੋਂ ਇੱਕ ਸਾਲ ਬਾਅਦ ਸਾਰਾ ਪਰਿਵਾਰ ਜਲੰਧਰ ਦੇ ਕੋਟਬਖਸ਼ੀਆਂ ਮੁਹੱਲੇ ਵਿੱਚ ਰਹਿਣ ਲੱਗ ਪਿਆ। ਸੁਦੇਸ਼ ਮਾਪਿਆਂ ਦੀ ਇਕਲੌਤੀ ਧੀ ਹੈ ਤੇ ਗਾਇਕੀ ਉਸ ਨੂੰ ਗੁੜ੍ਹਤੀ ਵਿੱਚ ਮਿਲੀ। ਘਰਦਿਆਂ ਨੇ ਉਸ ਦੀ ਗਾਇਕੀ ਦਾ ਵਿਰੋਧ ਕਰਨ ਦੀ ਥਾਂ ਉਸ ਨੂੰ ਹੱਲਾਸ਼ੇਰੀ ਦਿੱਤੀ। ਉਸ ਦੀ ਮਾਤਾ ਸ਼ਾਂਤੀ ਦੇਵੀ ਭਜਨ-ਕੀਰਤਨ ਕਰਦੀ, ਸੋ ਸ਼ੁਰੂ ਤੋਂ ਹੀ ਪਰਿਵਾਰ ਧਾਰਮਿਕ ਰੰਗਣ ਵਿੱਚ ਰੰਗਿਆ ਸੀ। ਬਾਰਾਂ ਸਾਲ ਦੀ ਉਮਰ ਵਿੱਚ ਸੁਦੇਸ਼ ਨੂੰ ਵੀ ਗਾਉਣ ਦਾ ਸ਼ੌਂਕ ਪੈ ਗਿਆ ਅਤੇ ਉਹ ਸਕੂਲ ਦੇ ਬਾਲ ਸਮਾਗਮਾਂ ਵਿੱਚ ਮੂਹਰੇ ਰਹਿ ਕੇ ਗਾਉਣ ਲੱਗੀ। ਅਕਾਸ਼ਵਾਣੀ ਦੇ ਦਿਹਾਤੀ ਪ੍ਰੋਗਰਾਮ ਦੇ ਨਾਮਣੇ ਵਾਲੇ ਕਲਾਕਾਰ ਜਾਨਕੀ ਦਾਸ ਭਾਰਦਵਾਜ ਦੀ ਉਨ੍ਹਾਂ ਦੇ ਪਰਿਵਾਰ ਨਾਲ ਨੇੜਤਾ ਸੀ ਤੇ ਉਨ੍ਹਾਂ ਸੁਦੇਸ਼ ਨੂੰ ਰੇਡੀਓ ’ਤੇ ਭਜਨ ਗਵਾਉਣੇ ਸ਼ੁਰੂ ਕਰ ਦਿੱਤੇ। ਹੌਲੀ-ਹੌਲੀ ਉਹ ਕਾਮਯਾਬੀ ਦੀਆਂ ਪੌੜੀਆਂ ਚੜ੍ਹਨ ਲੱਗੀ। ਚੰਗੀ ਅਵਾਜ਼ ਕਰਕੇ ਉਸ ਨੂੰ ਵਾਰ-ਵਾਰ ਰੇਡੀਓ ’ਤੇ ਬੁਲਾਇਆ ਜਾਂਦਾ। ਸੁਦੇਸ਼ ਆਖਦੀ ਹੈ, ‘ਰੇਡੀਓ ਨੇ ਗਾਇਕੀ ਵਿੱਚ ਮੈਨੂੰ ਪੱਕੇ ਪੈਰੀਂ ਕੀਤਾ ਅਤੇ ਇੱਥੇ ਮੈਂ ਜੋ ਵੀ ਗਾਇਆ, ਉਹ ਵਾਰ-ਵਾਰ ਪ੍ਰਸਾਰਿਤ ਹੋਣ ਨਾਲ ਮੇਰਾ ਹੌਂਸਲਾ ਵਧਦਾ ਗਿਆ।’

ਚੇਤੇ ਦੇ ਦਰਵਾਜ਼ੇ ਖੋਲ੍ਹਦੀ ਉਹ ਦੱਸਦੀ ਹੈ, ‘ਜਦੋਂ ਸਾਡੀ ਗਾਇਕੀ ਦਾ ਯੁੱਗ ਸੀ, ਉਦੋਂ ਅੱਜ ਵਾਂਗ ਗਾਇਕ ਕੰਪਨੀਆਂ ਵਾਲਿਆਂ ਦੇ ਤਰਲੇ ਨਹੀਂ ਸਨ ਕੱਢਦੇ। ‘ਐਚ.ਐਮ.ਵੀ. ਵਾਲਾ ਜ਼ਹੀਰ ਅਹਿਮਦ ਖ਼ੁਦ ਪੰਜਾਬ ਆਉਂਦਾ ਸੀ ਚੰਗੇ ਕਲਾਕਾਰਾਂ ਦੀ ਭਾਲ ਕਰਨ। ਜਦੋਂ ਉਸ ਨੂੰ ਪਤਾ ਲੱਗਦਾ ਕਿ ਫ਼ਲਾਣੇ ਥਾਂ ਰਹਿਣ ਵਾਲੇ ਕਲਾਕਾਰ ਦੀ ਅਵਾਜ਼ ਵਧੀਆ ਹੈ ਤਾਂ ਉਹ ਉਸ ਨੂੰ ਕੰਪਨੀ ਲਈ ਗਾਉਣ ਵਾਸਤੇ ਆਖਦਾ। ਕੰਪਨੀ ਕਲਾਕਾਰ ਤੋਂ ਮੁਫ਼ਤ ਗਵਾਉਣ ਦੀ ਥਾਂ ਉਸ ਨੂੰ ਰਾਇਲਟੀ ਦਿੰਦੀ ਸੀ, ਜਿਸ ਨਾਲ ਦੋਹੇਂ ਧਿਰਾਂ ਖ਼ੁਸ਼ ਰਹਿੰਦੀਆਂ।’

ਸੁਦੇਸ਼ ਕਪੂਰ ਦੀ ਪੱਕੀ ਪਛਾਣ ਦੋਗਾਣਾ ਗਾਇਕਾ ਵਜੋਂ ਬਣੀ ਹੋਈ ਹੈ। ਉਸ ਦੇ ਜਿੰਨੇ ਵੀ ਰਿਕਾਰਡ ਆਏ, ਸਾਰੇ ਦੋਗਾਣਿਆਂ ਵਾਲੇ ਸਨ। ਉਸ ਦੇ ਸੋਲੋ ਗਾਣਿਆਂ ਦੀ ਰਿਕਾਰਡਿੰਗ ਨਾ ਹੋਈ। ਹਾਂ, ਜਿੰਨੇ ਕੁ ਸੋਲੋ ਉਸ ਨੇ ਗਾਏ, ਉਹ ਸਿਰਫ਼ ਰੇਡੀਓ ਲਈ ਸਨ। ਜਿਵੇਂ ਗੁਲਸ਼ਨ ਕੋਮਲ ਦੀ ਜੋੜੀ ਸੁਰਿੰਦਰ ਛਿੰਦਾ ਨਾਲ ਪੱਕੀ ਰਹੀ, ਰਣਜੀਤ ਕੌਰ ਦਾ ਸੈੱਟ ਮੁਹੰਮਦ ਸਦੀਕ ਨਾਲ ਰਿਹਾ, ਉਵੇਂ ਸੁਦੇਸ਼ ਕਪੂਰ ਤੇ ਰਮੇਸ਼ ਰੰਗੀਲਾ ਦੀ ਜੋੜੀ ਵੀਹ ਸਾਲ ਇੱਟ ਵਰਗੀ ਪੱਕੀ ਰਹੀ। ਤਵਿਆਂ ਵਾਲੇ ਯੁੱਗ ਦੇ ਬਹੁਤੇ ਕਲਾਕਾਰਾਂ ਵਾਂਗ ਸੁਦੇਸ਼ ਵੀ ਜਸਵੰਤ ਭੰਵਰਾ ਕੈਂਪ ਦੀ ਮੈਂਬਰ ਰਹੀ। ਭੰਵਰਾ ਹੁਰੀਂ ਜਿਵੇਂ ਆਖਦੇ, ਕਲਾਕਾਰ ਉਵੇਂ ਕਰੀ ਜਾਂਦੇ। ਸੁਦੇਸ਼ ਕਪੂਰ ਦਾ ਡੇਢ ਸੌ ਦੇ ਕਰੀਬ ਗੀਤ ਮਾਰਕੀਟ ਵਿੱਚ ਆਇਆ, ਜਿਨ੍ਹਾਂ ਵਿਚੋਂ ਪਝੱਤਰ ਫ਼ੀਸਦੀ ਰਮੇਸ਼ ਰੰਗੀਲਾ ਨਾਲ ਤੇ ਪੱਚੀ ਫ਼ੀਸਦੀ ਕੇ.ਦੀਪ, ਸੁਰਿੰਦਰ ਛਿੰਦਾ, ਸੀਤਲ ਸਿੰਘ ਸੀਤਲ, ਲਖਣ ਪਾਲ ਲਖਣ ਅਤੇ ਵੀਰ ਚੰਦ ਗੋਪੀ ਨਾਲ। ਰਿਕਾਰਡਾਂ ’ਤੇ ਲੱਗੀਆਂ ਫ਼ੋਟੋਆਂ ਦੇਖ ਕੇ ਹੀ ਅੰਦਾਜ਼ਾ ਲੱਗ ਜਾਂਦਾ ਹੈ ਕਿ ਉਹ ਆਪਣੇ ਵੇਲੇ ਦੀ ਕਿੰਨੀ ਵੱਡੀ ਗਾਇਕਾ ਹੋਵੇਗੀ ਕਿਉਂਕਿ ਬਾਕੀ ਕਲਾਕਾਰਾਂ ਨਾਲੋਂ ਰਿਕਾਰਡਾਂ ’ਤੇ ਉਸ ਦੀਆਂ ਫ਼ੋਟੋਆਂ ਵੱਡੀਆਂ ਦਿਸਦੀਆਂ ਹਨ ਅਤੇ ਵਪਾਰਕ ਦ੍ਰਿਸ਼ਟੀ ਤੋਂ ਇਹ ਗੱਲ ਪੱਕੀ ਹੈ ਕਿ ਕੰਪਨੀ ਵਾਲੇ ਉਸੇ ਕਲਾਕਾਰ ਨੂੰ ਮੂਹਰੇ ਰੱਖਦੇ ਹਨ, ਜਿਸ ਦੀ ਮਾਰਕੀਟ ਵੁੱਕਤ ਵੱਧ ਹੋਵੇ।

ਕੁਦਰਤ ਨੇ ਸੁਦੇਸ਼ ਕਪੂਰ ਕੋਲੋਂ ਪਤੀ ਸੁੱਖ ਬਹੁਤ ਜਲਦੀ ਖੋਹ ਲਿਆ। 1964 ਵਿੱਚ ਉਸ ਦਾ ਵਿਆਹ ਹੋਇਆ ਅਤੇ 69 ਵਿੱਚ ਉਸ ਦਾ ਪਤੀ ਪ੍ਰੇਮ ਪਾਲ ਕਪੂਰ ਇੱਕ ਹਾਦਸੇ ਵਿੱਚ ਉਸ ਨੂੰ ਵਿਲਕਦੀ ਛੱਡ ਗਿਆ। ਸੁਦੇਸ਼ ਦਾ ਜਹਾਨ ਲੁੱਟਿਆ ਗਿਆ, ਪਰ ਜ਼ਿੰਦਗੀ ਤਾਂ ਜਿਊਣੀ ਹੀ ਸੀ। ਉਸ ਨੇ ਹਿੰਮਤ ਦਾ ਲੜ ਨਾ ਛੱਡਿਆ ਅਤੇ ਸਭ ਗ਼ਮ ਖੂੰਜੇ ਲਾ ਕੇ ਜੰਗੀ ਪੱਧਰ ’ਤੇ ਗਾਉਣਾ ਸ਼ੁਰੂ ਕਰ ਦਿੱਤਾ, ਜਿਸ ਨਾਲ ਉਸ ਨੂੰ ਪਰਿਵਾਰ ਤੋਰਨ ਵਿੱਚ ਮੱਦਦ ਮਿਲੀ।

ਮਿੱਠੀਆਂ ਯਾਦਾਂ ਸਾਂਝੀਆਂ ਕਰਦੀ ਉਹ ਆਖਦੀ ਹੈ, ‘ਜਦੋਂ ਕਿਸੇ ਨੂੰ ਇਹ ਪਤਾ ਲੱਗਦਾ ਸੀ ਕਿ ਰਮੇਸ਼ ਰੰਗੀਲਾ ਤੇ ਸੁਦੇਸ਼ ਗਾਉਣ ਆ ਰਹੇ ਹਨ ਤਾਂ ਲੋਕਾਂ ਦੇ ਗੱਡਿਆਂ ਦੀਆਂ ਲਾਈਨਾਂ ਲੱਗ ਜਾਂਦੀਆਂ ਸਨ। ਕਈ-ਕਈ ਘੰਟੇ ਪਹਿਲਾਂ ਸਾਡਾ ਇੰਤਜ਼ਾਰ ਸ਼ੁਰੂ ਹੋ ਜਾਂਦਾ ਸੀ। ਲੋਕ ਤਾਂ ਇੱਥੋਂ ਤੱਕ ਆਖਦੇ ਸਨ- ‘ਤੁਸੀਂ ਸਾਡੇ ਪਿੰਡ ਆ ਕੇ ਸਟੇਜ ’ਤੇ ਬੈਠ ਜਾਇਓ, ਗਾਇਓ ਭਾਵੇਂ ਨਾ, ਬਸ ਸਾਡੀ ਤੁਹਾਨੂੰ ਦੇਖਣ ਦੀ ਭੁੱਖ ਤਾਂ ਪੂਰੀ ਹੋ ਜਾਵੇ।’ ਉਹ ਦੱਸਦੀ ਹੈ, ‘ਇੱਕ ਵਾਰ ਅੰਮ੍ਰਿਤਸਰ ਵਾਲੇ ਬਾਰਡਰ ’ਤੇ ਭਾਊਆਂ ਨੇ ਪ੍ਰੋਗਰਾਮ ਰੱਖਿਆ। ਉਨ੍ਹਾਂ ਨੇ ਜਿੰਨਾ ਵੱਡਾ ਪ੍ਰੋਗਰਾਮ ਰਚਾਇਆ, ਕਮਾਲ ਹੋ ਗਈ। ਭਾਊਆਂ ਦਾ ਕੰਮ ਪਤਾ ਨਹੀਂ ਕਾਹਦਾ ਸੀ, ਪਰ ਪੈਸਾ ਬੋਰੀਆਂ ਦੇ ਹਿਸਾਬ ਨਾਲ ਸੀ ਉਨ੍ਹਾਂ ਕੋਲ। ਜਦੋਂ ਮੈਂ ਤੇ ਰੰਗੀਲੇ ਨੇ ਗਾਉਣਾ ਸ਼ੁਰੂ ਕੀਤਾ ਤਾਂ ਭਾਊਆਂ ਨੇ ਸੋਨੇ ਦੇ ਬਿਸਕੁਟ ਸਾਡੇ ਦੋਹਾਂ ਤੋਂ ਵਾਰ ਕੇ ਲੋਕਾਂ ਵੱਲ ਸੁੱਟੇ। ਮੈਨੂੰ ਤਾਂ ਪਤਾ ਹੀ ਨਹੀਂ ਸੀ ਕਿ ਸਾਡੀ ਕੀਮਤ ਏਨੀ ਵਧ ਗਈ ਹੈ।’

ਰਮੇਸ਼ ਰੰਗੀਲਾ ਨਾਲ ਸੈੱਟ ਬਣਨ ਤੋਂ ਪਹਿਲਾਂ ਸੁਦੇਸ਼ ਕਪੂਰ ਬਖਸ਼ੀ ਸ਼ਾਦੀ ਹੁਰਾਂ ਨਾਲ ਪ੍ਰੋਗਰਾਮਾਂ ’ਤੇ ਜਾਂਦੀ ਸੀ। ਸੁਦੇਸ਼ ਦੀ ਉਮਰ ਨਿਆਣੀ ਸੀ, ਪਰ ਭਾਰਦਵਾਜ ਹੁਰਾਂ ਦੇ ਕਹਿਣ ’ਤੇ ਪਰਿਵਾਰਕ ਮੈਂਬਰ ਉਸ ਨੂੰ ਪ੍ਰੋਗਰਾਮ ’ਤੇ ਜਾਣ ਦੀ ਇਜਾਜ਼ਤ ਦੇ ਦਿੰਦੇ। ਫੇਰ ਜਦੋਂ ਉਸ ਨੇ ਰੰਗੀਲੇ ਨਾਲ ਗਾਉਣਾ ਸ਼ੁਰੂ ਕਰ ਦਿੱਤਾ ਤਾਂ ਬਖਸ਼ੀ ਸ਼ਾਦੀ ਨੂੰ ਜਵਾਬ ਦੇ ਦਿੱਤਾ ਕਿਉਂਕਿ ਬਖਸ਼ੀ ਹੁਰੀਂ ਖੰਨੇ ਰਹਿੰਦੇ ਸਨ ਤੇ ਰੰਗੀਲਾ ਲੁਧਿਆਣੇ, ਸੋ ਨਿੱਤ ਖੰਨੇ ਜਾਣਾ ਔਖਾ ਹੁੰਦਾ ਸੀ। ਸੁਦੇਸ਼ ਦੱਸਦੀ ਹੈ, ‘ਇੱਕ ਵਾਰ ਕੁਰਾਲੀ ਵਿੱਚ ‘ਐਚ.ਐਮ.ਵੀ’ ਵਾਲਿਆਂ ਨੇ ਨਾਈਟ ਕਰਾਈ ਸੀ, ਮੈਂ ਵੀ ਉਥੇ ਗਾਇਆ ਤੇ ਜ਼ਹੀਰ ਅਹਿਮਦ ਨੇ ਮੈਨੂੰ ਰਿਕਾਰਡਿੰਗ ਲਈ ਕਹਿ ਦਿੱਤਾ।’ 1974 ਵਿੱਚ ਸੁਦੇਸ਼ ਤੇ ਰੰਗੀਲੇ ਨੇ ਇਕੱਠਿਆਂ ਗਾਉਣਾ ਸ਼ੁਰੂ ਕੀਤਾ ਅਤੇ ਦੋਹਾਂ ਦੇ ਆਏ ਪਹਿਲੇ ਸੁਪਰ ਸੈਵਨ ਰਿਕਾਰਡ ਵਿੱਚੋਂ ‘ਸ਼ਰਾਬੀਆ ਕਹਿੰਨਾਂ ਮੇਰਾ ਚਿੱਤ ਪਰਚਾ’ ਗੀਤ ਖ਼ੂਬ ਚੱਲਿਆ। ‘ਇਸ ਗੀਤ ਦੇ ਬੋਲਾਂ ਵਿੱਚੋਂ ਤਾਂ ਥੋੜ੍ਹੀ ਅਸ਼ਲੀਲਤਾ ਝਲਕਦੀ ਹੈ ?’ ਪੁੱਛਣ ’ਤੇ ਉਹ ਆਖਦੀ ਹੈ, ‘ਉਦੋਂ ਸਾਨੂੰ ਨਹੀਂ ਸੀ ਪਤਾ ਕਿ ਅਸੀਂ ਚੰਗਾ ਗਾ ਰਹੇ ਹਾਂ ਜਾਂ ਮਾੜਾ, ਭੰਵਰਾ ਸਾਹਿਬ ਸਾਨੂੰ ਜੋ ਕਹਿੰਦੇ ਅਸੀਂ ਕਰੀ ਜਾਂਦੇ, ਕੰਪਨੀ ਵਾਲੇ ਭੰਵਰਾ ਜੀ ਨੂੰ ਡਿਮਾਂਡ ਦੱਸਦੇ ਤੇ ਅੱਗੋਂ ਉਹ ਸਾਨੂੰ ਤਿਆਰੀ ਕਰਵਾ ਦਿੰਦੇ।’ ‘ਸ਼ਰਾਬੀਆ’ ਗੀਤ ਦਾ ਮੁੱਖੜਾ ਸੀ :

ਅੱਧੀ ਰਾਤੀਂ ਆਣ ਕੇ ਹਲੂਣਾ ਮਾਰ ਵੈਰੀਆ,ਸੁੱਤੀ ਪਈ ਨੂੰ ਲੈਨਾਂ ਤੂੰ ਜਗਾ।
ਸ਼ਰਾਬੀਆ ਕਹਿੰਨਾਂ ਮੇਰਾ ਚਿੱਤ ਪਰਚਾ।

ਸੁਦੇਸ਼ ਤੇ ਰੰਗੀਲਾ ਨੇ ਲਗਭਗ ਵੀਹ ਸਾਲ ਇਕੱਠਿਆਂ ਗਾਇਆ। ਦੋਹਾਂ ਦੇ ਸੈਂਕੜੇ ਗੀਤ ਰਿਕਾਰਡ ਹੋਏ ਅਤੇ ਹਜ਼ਾਰਾਂ ਸਟੇਜਾਂ ਲਗਾਈਆਂ। ਸੁਦੇਸ਼ ਦੱਸਦੀ ਹੈ, ‘ਸਾਡੇ ਵੇਲਿਆਂ ਵਿੱਚ ਪ੍ਰੋਗਰਾਮ ਦਾ ਵੱਧ ਤੋਂ ਵੱਧ ਰੇਟ ਤਿੰਨ ਸੌ ਰੁਪਿਆ ਹੁੰਦਾ ਸੀ, ਅੱਸੀ-ਨੱਬੇ ਰੁਪਏ ਮੈਨੂੰ ਮਿਲਦੇ ਸਨ ਅਤੇ ਖੁੱਲ੍ਹਾ-ਡੁੱਲ੍ਹਾ ਖਰਚਾ ਕਰਕੇ ਵੀ ਪੈਸੇ ਬਚ ਜਾਂਦੇ ਸਨ।’

ਸੁਦੇਸ਼ ਨੇ ਸੁਰਿੰਦਰ ਛਿੰਦਾ ਨਾਲ ਵੀ ਗਾਇਆ, ਕੇ.ਦੀਪ ਨਾਲ ਵੀ, ਬੀਰ ਚੰਦ ਗੋਪੀ ਨਾਲ ਵੀ, ਸੀਤਲ ਸਿੰਘ ਸੀਤਲ ਨਾਲ ਵੀ ਤੇ ਲਖਣ ਪਾਲ ਲਖਣ ਨਾਲ ਵੀ। ਰੰਗੀਲੇ ਦੀ ਮੌਤ ਤੋਂ ਤਿੰਨ ਕੁ ਸਾਲ ਪਹਿਲਾਂ ਸੁਦੇਸ਼ ਦੀ ਕਿਸੇ ਗੱਲੋਂ ਉਸ ਨਾਲੋਂ ਵਿਗੜ ਗਈ ਅਤੇ ਉਸ ਨੇ ਗਾਇਕੀ ਵੱਲੋਂ ਮੂੰਹ ਮੋੜ ਕੇ ਲੇਡੀਜ਼ ਸੰਗੀਤ ਵੱਲ ਧਿਆਨ ਕਰ ਲਿਆ।

ਰੰਗੀਲੇ ਨਾਲ ਆਏ ਉਸ ਦੇ ਗੀਤ ‘ਨੈਣ ਪ੍ਰੀਤੋ ਦੇ ਬਹਿਜਾ-ਬਹਿਜਾ ਕਰਦੇ, ‘ਮੇਲੇ ਮੁਕਤਸਰ ਦੇ’, ‘ਮਿੱਤਰਾਂ ਦਾ ਚੱਲਿਆ ਟਰੱਕ ਨੀਂ ਚੁੱਪ ਕਰਕੇ ਚੜ੍ਹਜਾ’, ‘ਗਿੱਧੇ ’ਚ ਨਨਾਣ-ਭਾਬੀ ਨੱਚੀਆਂ ਗਿੱਠ-ਗਿੱਠ ਬਹਿ ਗਈ ਧਰਤੀ’ ਤੇ ‘ਸ਼ਰਾਬੀਆ ਕਹਿੰਨਾਂ ਮੇਰਾ ਚਿੱਤ ਪਰਚਾ’ ਨੇ ਉਨ੍ਹੀਂ ਦਿਨੀਂ ਸਫ਼ਲਤਾ ਦਾ ਨਵਾਂ ਇਤਿਹਾਸ ਸਿਰਜਿਆ।

ਕੇ. ਦੀਪ ਨਾਲ ਸੁਦੇਸ਼ ਦੇ ਦੋ ਰਿਕਾਰਡ ਮਾਰਕੀਟ ਵਿੱਚ ਆਏ। ਉਨ੍ਹੀਂ ਦਿਨੀਂ ਜਗਮੋਹਣ ਬਿਮਾਰ ਚੱਲ ਰਹੀ ਸੀ ਤੇ ਉਸ ਨੇ ਖ਼ੁਦ ਹੀ ਕੇ.ਦੀਪ ਨੂੰ ਆਖਿਆ ਸੀ ਕਿ ਜਿੰਨੀ ਦੇਰ ਮੈਂ ਠੀਕ ਨਹੀਂ ਹੁੰਦੀ, ਤੂੰ ਸੁਦੇਸ਼ ਨਾਲ ਗਾ ਲੈ। ਬੀਰ ਚੰਦ ਗੋਪੀ ਨਾਲ ਵੀ ਸੁਦੇਸ਼ ਦੇ ਦੋ-ਤਿੰਨ ਰਿਕਾਰਡ ਆਏ ਅਤੇ ਦੋਹਾਂ ਦਾ ਇੱਕ ਗੀਤ ਉਨ੍ਹੀਂ ਦਿਨੀਂ ਖ਼ੂਬ ਚਰਚਾ ’ਚ ਰਿਹਾ, ਜਿਸ ਦੇ ਬੋਲ ਸਨ :

ਮੋਰ ਪੈਲਾਂ ਪਾਉਂਦਾ ਸਿੱਧਾ ਜਾਵੇ ਖੇਤ ਨੂੰ,
ਘੁੰਡ ਚੱਕ ਮੁੱਖੜਾ ਦਿਖਾਦੇ ਜੇਠ ਨੂੰ।

ਆਪਣੀ ਗਾਇਕੀ ਦੀ ਬਦੌਲਤ ਸੁਦੇਸ਼ ਦਸ ਵਾਰ ਵਿਦੇਸ਼ਾਂ ਵਿੱਚ ਜਾ ਚੁੱਕੀ ਹੈ ਤੇ ਹੁਣ ਜ਼ਿੰਦਗੀ ਦੀ ਤੜਕ-ਭੜਕ ਤੋਂ ਉਸ ਦਾ ਮੋਹ ਭੰਗ ਹੋ ਚੁੱਕਾ ਹੈ। ਉਸ ਦੀਆਂ ਦੋ ਕੁੜੀਆਂ ਹਨ ਤੇ ਦੋਹੇਂ ਵਿਆਹੀਆਂ ਹੋਈਆਂ। ਇੱਕ ਧੀ, ਜਵਾਈ ਤੇ ਦੋ ਦੋਹਤੇ ਉਸ ਦੇ ਨਾਲ ਲੁਧਿਆਣੇ ਦੇ ਮਾਡਲ ਟਾਊਨ ਵਾਲੇ ਘਰ ਵਿੱਚ ਰਹਿੰਦੇ ਹਨ। ਰੁਝੇਵੇਂ ਰੱਖਣ ਲਈ ਉਸ ਨੇ ਪਿਛਲੇ ਲੰਮੇ ਸਮੇਂ ਤੋਂ ਆਪਣਾ ਲੇਡੀਜ਼ ਗਰੁੱਪ ਬਣਾਇਆ ਹੋਇਆ ਹੈ। ਆਪਣੀ ਅਵਾਜ਼ ’ਤੇ ਉਸ ਨੂੰ ਹਾਲੇ ਵੀ ਮਾਣ ਹੈ ਅਤੇ ਅੱਜ ਦੇ ਗਾਇਕਾਂ ਦੀ ਗੱਲ ਛੇੜਦੀ ਉਹ ਕਹਿੰਦੀ ਹੈ, ‘ਜੇ ਮੈਂ ਚਾਹਵਾਂ ਤਾਂ ਕਈਆਂ ਨਾਲੋਂ ਚੰਗਾ ਅੱਜ ਵੀ ਗਾ ਸਕਦੀ ਹਾਂ। ਜਦੋਂ ਟੀ.ਵੀ. ’ਤੇ ਮੈਂ ਅੱਜ ਦੇ ਗਾਇਕਾਂ ਦੇ ਗੀਤ ਸੁਣਦੀ ਹਾਂ ਤਾਂ ਮੈਨੂੰ ਵੀਹ ਨੁਕਸ ਨਜ਼ਰ ਆਉਂਦੇ ਨੇ।’ ਸੁਦੇਸ਼ ਦਾ ਕਹਿਣਾ ਹੈ, ‘ਹੁਣ ਮੈਂ ਪਹਿਲਾਂ ਨਾਲੋਂ ਵੱਧ ਸਕੂਨ ਮਹਿਸੂਸ ਕਰ ਰਹੀ ਹਾਂ, ਜੇ ਮੈਨੂੰ ਪਤਾ ਹੁੰਦਾ ਕਿ ਰੱਬ ਨਾਲ ਨੇੜਤਾ ਕਰਕੇ ਏਨਾ ਚੰਗਾ ਮਹਿਸੂਸ ਹੁੰਦਾ ਹੈ ਤਾਂ ਮੈਂ ਗਾਉਣ-ਵਜਾਉਣ ਵੱਲੋਂ ਕਦੋਂ ਦੀ ਮੂੰਹ ਫੇਰ ਚੁੱਕੀ ਹੁੰਦੀ।’

ਹੁਣ ਉਸ ਨੇ ਲੋਕਾਂ ਵੱਲ ਪਿੱਠ ਕਰਕੇ ਬਰਿੰਦਾਵਣ ਵਾਲੇ ਠਾਕੁਰ ਜੀ ਵੱਲ ਮੂੰਹ ਕਰ ਲਿਆ ਹੈ। ਬੱਚਿਆਂ ਨੇ ਉਸ ਨੂੰ ਉਥੇ ਫਲੈਟ ਲੈ ਕੇ ਦਿੱਤਾ ਹੈ, ਸੋ ਜਦੋਂ ਮਨ ਕਰਦਾ ਹੈ ਉਹ ਬਰਿੰਦਾਵਣ ਚਲੀ ਜਾਂਦੀ ਹੈ ਤੇ ਜਦੋਂ ਜੀਅ ਕਰਦਾ ਹੈ ਲੁਧਿਆਣੇ ਆ ਜਾਂਦੀ ਹੈ। ਉਹ ਭਵਿੱਖ ਵਿੱਚ ਭਜਨਾਂ ਦੀ ਕੈਸਿਟ ਕਰਨ ਦੀ ਯੋਜਨਾ ਬਣਾ ਰਹੀ ਹੈ।

ਸੁਦੇਸ਼ ਕਪੂਰ ਦੀ ਗਾਇਕੀ ਦੀ ਸ਼ੁਰੂਆਤ ਵੀ ਭਜਨਾਂ ਤੋਂ ਹੋਈ ਸੀ ਤੇ ਉਮਰ ਦੇ ਇਸ ਪੜਾਅ ’ਤੇ ਵੀ ਉਹ ਭਜਨ ਹੀ ਗਾ ਰਹੀ ਹੈ। ਇਸ ਗੱਲ ਦਾ ਉਸ ਨੂੰ ਦੁੱਖ ਹੈ ਕਿ ਉਸ ਦੀ ਵਿਰਾਸਤ ਵਿੱਚੋਂ ਕਿਸੇ ਨੂੰ ਵੀ ਗਾਉਣ ਦਾ ਸ਼ੌਂਕ ਨਹੀਂ। ਉਹ ਚਾਹੁੰਦੀ ਹੈ ਕਿ ਕੋਈ ਉਸ ਕੋਲੋਂ ਸਿੱਖੇ ਤੇ ਉਸ ਦੇ ਨਾਂ ਨੂੰ ਅੱਗੇ ਤੋਰਨ ਵਿੱਚ ਮੱਦਦ ਕਰੇ।

– ਸਵਰਨ ਸਿੰਘ ਟਹਿਣਾ

# 'ਜੱਟ ਐਂਡ ਜੂਲੀਅਟ 3' ਨੇ ਕੀਤੀ ਰਿਕਾਰਡਤੋੜ ਕਲੈਕਸ਼ਨ

ਜਲੰਧਰ – ਦਿਲਜੀਤ ਦੋਸਾਂਝ ਤੇ ਨੀਰੂ ਬਾਜਵਾ ਸਟਾਰਰ ਪੰਜਾਬੀ ਫ਼ਿਲਮ 'ਜੱਟ ਐਂਡ ਜੂਲੀਅਟ 3' ਬਾਕਸ ਆਫਿਸ 'ਤੇ ਰਿਕਾਰਡਤੋੜ ਕਮਾਈ ਕਰ ਰਹੀ ਹੈ। ਫ਼ਿਲਮ ਨੇ 2 ਦਿਨਾਂ 'ਚ 22.41 ਕਰੋੜ ਰੁਪਏ ਦੀ ਕਮਾਈ ਕਰ ਲਈ ਹੈ। ਫ਼ਿਲਮ ਨੇ ਪਹਿਲੇ ਦਿਨ 10.76 ਕਰੋੜ ਰੁਪਏ ਦੀ ਵਰਲਡਵਾਈਡ ਕਮਾਈ ਕੀਤੀ, ਜਿਸ 'ਚ 4.13 ਕਰੋੜ ਰੁਪਏ ਭਾਰਤ ਤੇ 6.63 ਕਰੋੜ ਰੁਪਏ ਓਵਰਸੀਜ਼ ਦੇ ਸ਼ਾਮਲ ਹਨ। ਉਥੇ ਦੂਜੇ ਦਿਨ ਫ਼ਿਲਮ ਨੇ ਕੁਲ 11.65 ਕਰੋੜ ਰੁਪਏ ਕਮਾਏ, ਜਿਸ 'ਚ 4.72 ਕਰੋੜ ਰੁਪਏ ਭਾਰਤ ਤੇ 6.93 ਕਰੋੜ ਰੁਪਏ ਓਵਰਸੀਜ਼ ਦੀ ਕਮਾਈ ਸ਼ਾਮਲ ਹੈ।

ਦੱਸ ਦੇਈਏ ਕਿ 'ਜੱਟ ਐਂਡ ਜੂਲੀਅਟ 3' ਹੁਣ ਤਕ ਦੀ ਸਭ ਤੋਂ ਵੱਡੀ ਪੰਜਾਬੀ ਰਿਲੀਜ਼ ਫ਼ਿਲਮ ਹੈ, ਜਿਸ ਨੂੰ ਭਾਰਤ ਦੇ 430 ਤੋਂ ਵੱਧ ਸਿਨੇਮਾਘਰਾਂ ਦੀਆਂ 2010 ਤੋਂ ਵੱਧ ਸਕ੍ਰੀਨਜ਼ 'ਤੇ ਰਿਲੀਜ਼ ਕੀਤਾ ਗਿਆ ਹੈ। ਫ਼ਿਲਮ ਦੀ ਐਡਵਾਂਸ ਬੁਕਿੰਗ ਤੋਂ ਕਲੈਕਸ਼ਨ ਵੀ ਰਿਕਾਰਡਤੋੜ ਹੋਈ ਹੈ।



'ਜੱਟ ਐਂਡ ਜੂਲੀਅਟ 3' ਨੇ ਸਿਰਫ਼ ਐਡਵਾਂਸ ਬੁਕਿੰਗ ਤੋਂ ਹੀ 1.50 ਕਰੋੜ ਰੁਪਏ ਦੀ ਕਮਾਈ ਕਰ ਲਈ ਸੀ।

ਇਸ ਫ਼ਿਲਮ ਨੂੰ ਜਗਦੀਪ ਸਿੱਧੂ ਵਲੋਂ ਲਿਖਿਆ ਤੇ ਡਾਇਰੈਕਟ ਕੀਤਾ ਗਿਆ ਹੈ, ਜੋ ਪੰਜਾਬੀ ਸਿਨੇਮਾ ਨੂੰ ਸ਼ਾਨਦਾਰ ਫ਼ਿਲਮਾਂ ਦੇ ਚੁੱਕੇ ਹਨ। ਫ਼ਿਲਮ 'ਚ ਜੈਸਮੀਨ ਬਾਜਵਾ, ਰਾਣਾ ਰਣਬੀਰ, ਬੀ. ਐੱਨ. ਸ਼ਰਮਾ, ਨਾਸੀਰ ਚਿਨਓਟੀ, ਅਕਰਮ ਉਦਾਸ, ਹਰਦੀਪ ਗਿੱਲ, ਮੋਹਿਨੀ ਤੂਰ, ਸੁੱਖ ਪਿੰਡਿਆਲਾ, ਗੁਰਮੀਤ ਸਾਜਨ, ਸਤਵੰਤ ਕੌਰ, ਮਿੰਟੂ ਕਾਪਾ ਤੇ ਕੁਲਵੀਰ ਸੋਨੀ ਵਰਗੇ ਕਲਾਕਾਰ ਵੀ ਅਹਿਮ ਭੂਮਿਕਾਵਾਂ 'ਚ ਹਨ।

ਉਥੇ ਹੀ ਦਿਲਜੀਤ ਥੀਏਟਰ ਪਹੁੰਚ ਕੇ ਆਪਣੇ ਫੈਨਜ਼ ਨੂੰ ਸਰਪ੍ਰਾਈਜ਼ ਦੇਣ ਪਹੁੰਚੇ, ਜਿਸ ਦੀ ਵੀਡੀਓ ਸੋਸ਼ਲ ਮੀਡੀਆ 'ਤੇ ਕਾਫੀ ਵਾਇਰਲ ਹੋ ਰਹੀ ਹੈ। ਇਸ ਵੀਡੀਓ ਨੂੰ ਸ਼ੇਅਰ ਕਰਦਿਆਂ ਗਾਇਕ ਨੇ ਲਿਖਿਆ, 'ਥੀਏਟਰ ਵਿਜ਼ਿਟ ਆ ਗਿਆ ਜੱਟ ਜੂਲੀਅਟ ਨੂ ਲੇ ਕੇ ਜੱਟ ਐਂਡ ਜੂਲੀਅਟ ਡੇ ਆਪਣੇ ਪਰਿਵਾਰਾਂ ਨਾਲ ਮੌਜਾਂ ਮਾਣੋ ਧਓਸਏ ਖਿਦਓਨ ਲ਼ਓਗਗਿ ਢਿਲਮ।'

ਇਸ ਵੀਡੀਓ 'ਚ ਤੁਸੀਂ ਦਿਲਜੀਤ ਨੂੰ ਫੈਨਜ਼ ਨਾਲ ਮੁਲਾਕਾਤ ਕਰਦੇ ਅਤੇ ਉਨ੍ਹਾਂ ਨਾਲ ਤਸਵੀਰਾਂ ਕਲਿੱਕ ਕਰਵਾਉਂਦੇ ਹੋਏ ਨਜ਼ਰ ਆ ਰਹੇ ਹਨ। ਇਸ ਵੀਡੀਓ 'ਚ ਤੁਸੀਂ ਦਿਲਜੀਤ ਦੋਸਾਂਝ ਨੂੰ ਫੈਨਜ਼ ਨਾਲ ਮਸਤੀ ਕਰਦੇ ਤੇ ਉਨ੍ਹਾਂ ਨੂੰ ਧੰਨਵਾਦ ਕਰਦੇ ਹੋਏ ਨਜ਼ਰ ਆ ਰਹੇ ਹਨ।

ਦੱਸ ਦਈਏ ਕਿ 'ਜੱਟ ਐਂਡ ਜੂਲੀਅਟ 3' ਪਹਿਲੀ ਅਜਿਹੀ ਪੰਜਾਬੀ ਫ਼ਿਲਮ ਹੈ, ਜਿਸ ਨੂੰ ਭਾਰਤ ਦੇ 430 ਤੋਂ ਵੱਧ ਸਿਨੇਮਾਘਰਾਂ ਦੀਆਂ 2010 ਤੋਂ ਵੱਧ ਸਕ੍ਰੀਨਜ਼ 'ਤੇ ਰਿਲੀਜ਼ ਕੀਤਾ ਗਿਆ ਹੈ।

ਫ਼ਿਲਮ ਦੀ ਐਡਵਾਂਸ ਬੁਕਿੰਗ ਤੋਂ ਕਲੈਕਸ਼ਨ ਵੀ ਰਿਕਾਰਡਤੋੜ ਹੋਈ ਹੈ।

'ਜੱਟ ਐਂਡ ਜੂਲੀਅਟ 3' ਨੇ ਸਿਰਫ਼ ਐਡਵਾਂਸ ਬੁਕਿੰਗ ਤੋਂ ਹੀ 1.50 ਕਰੋੜ ਰੁਪਏ ਦੀ ਕਮਾਈ ਕਰ ਲਈ ਸੀ।







# ਮੁਨੱਵਰ ਫਾਰੂਕੀ ਦੇ ਦੂਜੇ ਵਿਆਹ 'ਤੇ ਖਾਨਜ਼ਾਦੀ ਨੇ ਦਿੱਤੀ ਇਹ ਪ੍ਰਤੀਕਿਰਿਆ



ਨਵੀਂ ਦਿੱਲੀ : 'ਬਿੱਗ ਬੌਸ 17' ਦੇ ਜੇਤੂ ਮੁਨੱਵਰ ਫਾਰੂਕੀ ਅਕਸਰ ਆਪਣੀ ਨਿੱਜੀ ਜ਼ਿੰਦਗੀ ਨੂੰ ਲੈ ਕੇ ਸੁਰਖੀਆਂ ਦਾ ਹਿੱਸਾ ਬਣੇ ਰਹਿੰਦੇ ਹਨ। ਪਿਛਲੇ ਮਹੀਨੇ ਖ਼ਬਰ ਆਈ ਸੀ ਕਿ ਉਨ੍ਹਾਂ ਨੇ ਮੇਕਅੱਪ ਆਰਟਿਸਟ ਮਹਿਜ਼ਬੀਨ ਕੋਟਵਾਲਾ ਨਾਲ ਵਿਆਹ ਕਰਵਾ ਲਿਆ ਹੈ। ਉਨ੍ਹਾਂ ਦੇ ਵਿਆਹ 'ਚ ਕੁਝ ਕਰੀਬੀ ਹੀ ਦੋਸਤਾਂ ਨੇ ਸ਼ਿਰਕਤ ਕੀਤੀ ਸੀ। ਉਹ ਤੋਂ ਬਾਅਦ ਵੀ ਦੋਵਾਂ ਨੇ ਇਸ ਬਾਰੇ ਖੁੱਲ੍ਹ ਕੇ ਗੱਲ ਨਹੀਂ ਕੀਤੀ। ਹਾਲਾਂਕਿ ਮੁਨੱਵਰ ਅਤੇ ਮਹਿਜਬੀਨ ਦੇ ਵਿਆਹ ਦੀ ਖ਼ਬਰ ਸੁਣ ਕੇ ਕੁਝ ਸੈਲੇਬਸ ਅਤੇ ਪ੍ਰਸ਼ੰਸਕਾਂ ਨੇ ਉਨ੍ਹਾਂ ਨੂੰ ਵਧਾਈ ਦਿੱਤੀ, ਉਥੇ ਹੀ ਕੁਝ ਨੇ ਇਸ 'ਤੇ ਹੈਰਾਨੀ ਵੀ ਜਤਾਈ। ਹੁਣ 'ਬਿੱਗ ਬੌਸ' ਦੀ ਪ੍ਰਤੀਯੋਗੀ ਫਿਰੋਜ਼ਾ ਉਰਫ ਖਾਨਜ਼ਾਦੀ ਨੇ ਇਸ 'ਤੇ ਪ੍ਰਤੀਕਿਰਿਆ ਦਿੰਦੇ ਹੋਏ ਹੈਰਾਨ ਕਰਨ ਵਾਲਾ ਖੁਲਾਸਾ ਕੀਤਾ ਹੈ।

ਦੱਸ ਦੇਈਏ ਕਿ ਮੁਨੱਵਰ ਫਾਰੂਕੀ ਅਤੇ ਮਹਿਜਬੀਨ ਕੋਤਵਾਲਾ ਦੇ ਵਿਆਹ ਦੀਆਂ ਕਈ ਤਸਵੀਰਾਂ ਸੋਸ਼ਲ ਮੀਡੀਆ 'ਤੇ ਵਾਇਰਲ ਹੋਈਆਂ ਸਨ। ਇਸ ਦੇ ਨਾਲ ਹੀ ਉਨ੍ਹਾਂ ਦੀਆਂ ਕਈ ਪੋਸਟਾਂ ਵੀ ਦੇਖੀਆਂ ਗਈਆਂ, ਜੋ ਦੋਵਾਂ ਦੇ ਸਮਾਨ ਸਨ। ਇਸ ਤੋਂ ਬਾਅਦ ਪ੍ਰਸ਼ੰਸਕਾਂ ਨੂੰ ਇਹ ਪੁਸ਼ਟੀ ਹੋਈ ਕਿ 'ਬਿੱਗ ਬੌਸ 17' ਦੇ ਜੇਤੂ ਨੇ ਦੂਜਾ ਵਿਆਹ ਕਰਵਾ ਲਿਆ ਹੈ। ਹਾਲਾਂਕਿ ਮੁਨੱਵਰ ਨੇ ਅਜੇ ਤੱਕ ਕੋਈ ਅਧਿਕਾਰਤ ਤਸਵੀਰ ਸ਼ੇਅਰ ਨਹੀਂ ਕੀਤੀ ਹੈ। ਅਜਿਹੇ 'ਚ ਜਦੋਂ ਖਾਨਜ਼ਾਦੀ ਤੋਂ ਉਸ ਦੇ ਵਿਆਹ ਨੂੰ ਲੈ ਕੇ ਸਵਾਲ ਕੀਤਾ ਗਿਆ ਤਾਂ ਉਸ ਨੇ ਟੈਲੀ ਟਾਕ ਇੰਡੀਆ ਨੂੰ ਦੱਸਿਆ ਕਿ ਹਾਂ, ਮੈਨੂੰ ਮੁਨੱਵਰ ਦੇ ਵਿਆਹ ਦੀ ਖ਼ਬਰ ਬਾਰੇ ਪਤਾ ਲੱਗਾ ਸੀ। ਮੈਨੂੰ ਅਜੇ ਵੀ ਅਸਲ 'ਚ ਯਕੀਨ ਨਹੀਂ ਹੈ। ਮੈਨੂੰ ਅਜੇ ਵੀ ਨਹੀਂ ਲੱਗਦਾ ਕਿ ਉਨ੍ਹਾਂ ਦਾ ਵਿਆਹ ਹੋ ਗਿਆ ਹੈ। ਜਦੋਂ ਤੱਕ ਉਹ ਖੁਦ ਨਹੀਂ ਕਹਿੰਦਾ, ਉਦੋਂ ਤੱਕ ਮੈਂ ਵਿਸ਼ਵਾਸ ਨਹੀਂ ਕਰਾਂਗੀ।

ਕੁਝ ਦਿਨ ਪਹਿਲਾਂ ਮਹਿਜਬੀਨ ਨੇ ਆਪਣੇ ਸੋਸ਼ਲ ਮੀਡੀਆ ਹੈਂਡਲ ਇੰਸਟਾਗ੍ਰਾਮ 'ਤੇ ਸਟੋਰੀ 'ਤੇ One Month Aninversary ਦੇ ਜਸ਼ਨ ਦੀ ਇਕ ਝਲਕ ਸਾਂਝੀ ਕੀਤੀ ਸੀ, ਜਿਸ 'ਚ ਉਸ ਨੇ ਪ੍ਰਸ਼ੰਸਕਾਂ ਨੂੰ ਕੇਕ ਦਿਖਾਇਆ ਸੀ। ਉਸ ਕੇਕ ਦੀ ਪਲੇਟ 'ਤੇ One Month Aninversary M&M ਲਿਖਿਆ ਹੋਇਆ ਸੀ।

# ਟਾਟਾ ਫਿਰ ਤੋਂ ਬਣਿਆ ਭਾਰਤ ਦਾ ਸਭ ਤੋਂ ਵੈਲਿਊਏਬਲ ਬ੍ਰਾਂਡ




ਨਵੀਂ ਦਿੱਲੀ : ਟਾਟਾ ਸਮੂਹ ਨੇ ਭਾਰਤ ਦੇ ਸਭ ਤੋਂ ਕੀਮਤੀ ਬ੍ਰਾਂਡ ਵਜੋਂ ਆਪਣੀ ਸਥਿਤੀ ਬਰਕਰਾਰ ਰੱਖੀ ਹੈ, ਜਦੋਂ ਕਿ ਇੰਫੋਸਿਸ ਅਤੇ ਐੱਚ. ਡੀ. ਐੱਫ. ਸੀ. ਸਮੂਹ ਨੂੰ ਬ੍ਰਾਂਡ ਵਿੱਤ ਰਿਪੋਰਟ ’ਚ ਕ੍ਰਮਵਾਰ ਦੂਜੇ ਅਤੇ ਤੀਜੇ ਸਥਾਨ ’ਤੇ ਰੱਖਿਆ ਗਿਆ ਹੈ।

ਬ੍ਰਾਂਡ ਵੈਲਯੂਏਸ਼ਨ ਸਲਾਹਕਾਰ ‘ਬ੍ਰਾਂਡ ਫਾਇਨਾਂਸ’ ਦੀ ਤਾਜ਼ਾ ਰਿਪੋਰਟ ਮੁਤਾਬਕ ਵੱਖ-ਵੱਖ ਕਾਰੋਬਾਰੀ ਖੇਤਰਾਂ ’ਚ ਸਰਗਰਮ ਟਾਟਾ ਗਰੁੱਪ ਦੀ ਬ੍ਰਾਂਡ ਵੈਲਿਊ 9 ਫੀਸਦੀ ਵਧ ਕੇ 28.6 ਅਰਬ ਡਾਲਰ ਹੋ ਗਈ ਹੈ। ਇਕ ਬਿਆਨ ਅਨੁਸਾਰ ਟਾਟਾ ਸਮੂਹ ਪਹਿਲਾ ਅਜਿਹਾ ਭਾਰਤੀ ਬ੍ਰਾਂਡ ਹੈ ਜੋ 30 ਅਰਬ ਡਾਲਰ ਦਾ ਬ੍ਰਾਂਡ ਮੁੱਲਾਂਕਣ ਪ੍ਰਾਪਤ ਕਰਨ ਦੇ ਨੇੜੇ ਪਹੁੰਚ ਰਿਹਾ ਹੈ।

ਸੂਚਨਾ ਤਕਨਾਲੋਜੀ (ਆਈ. ਟੀ.) ਕੰਪਨੀ ਇੰਫੋਸਿਸ ਨੇ ਵੀ 9 ਫੀਸਦੀ ਦੀ ਵਾਧਾ ਦਰ ਨਾਲ ਮਜ਼ਬੂਤ ਗ੍ਰੋਥ ਹਾਸਲ ਕੀਤੀ ਹੈ। ਗਲੋਬਲ ਆਈ. ਟੀ. ਸੇਵਾ ਖੇਤਰ ’ਚ ਮੰਦੀ ਦੇ ਬਾਵਜੂਦ, ਇਸ ਦਾ ਬ੍ਰਾਂਡ ਮੁੱਲ 14.2 ਅਰਬ ਡਾਲਰ ਮੰਨਿਆ ਗਿਆ ਹੈ।

ਐੱਚ. ਡੀ. ਐੱਫ. ਸੀ. ਗਰੁੱਪ 10.4 ਅਰਬ ਡਾਲਰ ਦੇ ਮੁੱਲ ਨਾਲ ਤੀਜਾ ਸਭ ਤੋਂ ਵੱਡਾ ਭਾਰਤੀ ਬ੍ਰਾਂਡ ਬਣ ਗਿਆ ਹੈ। ਰਿਪੋਰਟ ਮੁਤਾਬਕ ਬੈਂਕਿੰਗ ਯੂਨਿਟਾਂ ਦੀ ਬ੍ਰਾਂਡ ਵੈਲਿਊ ਦੋਹਰੇ ਅੰਕਾਂ ’ਚ ਵਧੀਆਂ ਹਨ। ਇਨ੍ਹਾਂ ’ਚ ਇੰਡੀਅਨ ਬੈਂਕ, ਇੰਡਸਇੰਡ ਬੈਂਕ ਅਤੇ ਯੂਨੀਅਨ ਬੈਂਕ ਸਭ ਤੋਂ ਅੱਗੇ ਹਨ।

ਟੈਲੀਕਾਮ ਸੈਕਟਰ ਦੀ ਬ੍ਰਾਂਡ ਵੈਲਿਊ ’ਚ ਸਭ ਤੋਂ ਜ਼ਿਆਦਾ 61 ਫੀਸਦੀ ਦਾ ਵਾਧਾ ਹੋਇਆ ਹੈ। ਇਸ ਤੋਂ ਬਾਅਦ ਬੈਂਕਿੰਗ (26 ਫੀਸਦੀ) ਅਤੇ ਖਣਨ, ਲੋਹਾ ਅਤੇ ਸਟੀਲ ਖੇਤਰਾਂ ਨੇ 16 ਫੀਸਦੀ ਔਸਤਨ ਵਾਧਾ ਦਰਜ ਕੀਤਾ ਹੈ।

ਰਿਪੋਰਟ ’ਚ ਕਿਹਾ ਗਿਆ ਹੈ, ‘ਜੀਓ, ਏਅਰਟੈੱਲ ਅਤੇ ਵੋਡਾਫੋਨ ਆਈਡੀਆ ਵਰਗੀਆਂ ਦੂਰਸੰਚਾਰ ਕੰਪਨੀਆਂ ਨੇ ਉਪਭੋਗਤਾ ਉਪਕਰਣਾਂ ਦੀ ਵਰਤੋਂ ਦੇ ਪੈਟਰਨ ਨੂੰ ਵਿਕਸਤ ਕਰ ਕੇ ਗ੍ਰੋਥ ਨੂੰ ਗਤੀ ਦਿੱਤੀ ਹੈ।’ ਬੈਂਕਿੰਗ ਖੇਤਰ ’ਚ ਢਾਂਚਾਗਤ ਸੁਧਾਰਾਂ ਅਤੇ ਰੈਗੂਲੇਟਰੀ ਸੁਧਾਰਾਂ ਨੇ ਮੋਹਰੀ ਜਨਤਕ ਖੇਤਰ ਦੇ ਬੈਂਕਾਂ ਦੇ ਬ੍ਰਾਂਡ ਮੁੱਲ ’ਚ ਵਾਧਾ ਕੀਤਾ ਹੈ।

ਬ੍ਰਾਂਡ ਫਾਈਨਾਂਸ ਨੇ ਕਿਹਾ ਕਿ ਟਾਟਾ ਗਰੁੱਪ ਦਾ ਹਾਸਪਿਟੈਲਿਟੀ ਬ੍ਰਾਂਡ ਤਾਜ ਸਰਵੋਤਮ ਭਾਰਤੀ ਬ੍ਰਾਂਡ ਦੇ ਰੂਪ ’ਚ ਆਪਣੀ ਸਥਿਤੀ ਨੂੰ ਲਗਾਤਾਰ ਮਜ਼ਬੂਤ ਕਰ ਰਿਹਾ ਹੈ।

GOLIAN
Consultants
Immigration Specialists
since 1988.

Contact us for:
* Business Visa Assessment
* Skilled Work Visa Assessment
*Student Visa Assessment

Level 1, 3 Campbell Road,
Royal Oak, Auckland
NEW ZEALAND
Email: golian@golian.co.nz
Phone: 021 624 120, 096 241 204

KWALITY
MINI BAZAAR
Store’s Name and address:
1. Kwality Mini Bazaar Papatoetoe
286 Great South Road, Papatoetoe,
Auckland -2025
2. Kwality Mini Bazaar Botany
5/2 Bishop Dunn Place, Flat Bush,
Auckland - 2013
3. Kwality Mini Bazaar Manurewa
88F Great South Road,
Takanini- 2112
4. Kwality Mini Bazaar Papakura
305 Great South Road, Takanini,
Auckland - 2112
ਵਧੀਆ ਅਤੇ ਸਾਫ ਸੁਥਰੀ ਗਰੋਸਰੀ ਵਾਸਤੇ ਇੱਕੋ ਇੱਕ ਨਾਂ ਯਾਦ ਰੱਖੋ
KWALITY
MINI BAZAAR
PATOETOE
PAPAKURA
MANUREWA

## ਮਸਕ ਨੂੰ ਪਛਾੜ ਕੇ ਬੇਜੋਸ ਬਣੇ ਦੁਨੀਆ ਦੇ ਸਭ ਤੋਂ ਅਮੀਰ ਵਿਅਕਤੀ

ਮੁੰਬਈ - ਅੱਜ ਵੀ ਅਰਬਪਤੀਆਂ ਦੀ ਸੂਚੀ ਨੂੰ ਲੈ ਕੇ ਉਤਰਾਅ-ਚੜ੍ਹਾਅ ਜਾਰੀ ਹੈ। ਜੈਫ ਬੇਜੋਸ ਇਕ ਵਾਰ ਫਿਰ ਦੁਨੀਆ ਦੇ ਸਭ ਤੋਂ ਅਮੀਰ ਵਿਅਕਤੀ ਬਣ ਗਏ ਹਨ। ਉਸ ਨੇ ਐਲੋਨ ਮਸਕ ਨੂੰ ਹਰਾ ਕੇ ਪਹਿਲਾ ਸਥਾਨ ਹਾਸਲ ਕੀਤਾ ਹੈ। ਇਸ ਦੇ ਨਾਲ ਹੀ ਰਿਲਾਇੰਸ ਦੇ ਚੇਅਰਮੈਨ ਮੁਕੇਸ਼ ਅੰਬਾਨੀ ਹੁਣ ਅਡਾਨੀ ਗਰੁੱਪ ਦੇ ਮਾਲਕ ਗੌਤਮ ਅਡਾਨੀ ਨੂੰ ਪਿੱਛੇ ਛੱਡ ਕੇ 11ਵੇਂ ਸਥਾਨ ‘ਤੇ ਪਹੁੰਚ ਗਏ ਹਨ। ਜੇਨਸਨ ਹੁਆਂਗ ਵੀ ਉਸ ਦੇ ਪਿੱਛੇ ਹੈ। ਹਾਲਾਂਕਿ ਹੁਆਂਗ ਅਤੇ ਅਡਾਨੀ ਇਸ ਸਾਲ ਦੀ ਕਮਾਈ ‘ਚ ਮੁਕੇਸ਼ ਅੰਬਾਨੀ ਤੋਂ ਅੱਗੇ ਹਨ।




ਐਮਾਜ਼ੋਨ ਦੇ ਸਾਬਕਾ ਸੀਈਓ ਜੇਫ ਬੇਜੋਸ ਹੁਣ ਬਲੂਮਬਰਗ ਬਿਲੀਨੇਅਰਜ਼ ਇੰਡੈਕਸ ਦੀ ਤਾਜ਼ਾ ਰੈਂਕਿੰਗ ਵਿੱਚ ਦੁਨੀਆ ਦੇ ਸਭ ਤੋਂ ਅਮੀਰ ਵਿਅਕਤੀ ਹਨ। ਟੇਸਲਾ ਦੇ ਸੀਈਓ ਐਲੋਨ ਮਸਕ ਦੂਜੇ ਸਥਾਨ ‘ਤੇ ਖਿਸਕ ਗਏ ਹਨ ਅਤੇ ਬਰਨਾਰਡ ਅਰਨੌਲਟ 200 ਅਰਬ ਕਲੱਬ ਤੋਂ ਬਾਹਰ ਹਨ। ਜੈੱਫ ਬੇਜੋਸ ਦੀ ਸੰਪਤੀ ‘ਚ ਵੀਰਵਾਰ ਨੂੰ 3.97 ਅਰਬ ਡਾਲਰ ਦਾ ਵਾਧਾ ਹੋਇਆ ਹੈ ਅਤੇ ਉਨ੍ਹਾਂ ਦੀ ਕੁਲ ਸੰਪਤੀ ਹੁਣ 220 ਅਰਬ ਡਾਲਰ ਹੈ। ਇਸ ਦੇ ਮੁਕਾਬਲੇ ਐਲੋਨ ਮਸਕ ਦੀ ਦੌਲਤ ਵਿੱਚ ਸਿਰਫ਼ 751 ਮਿਲੀਅਨ ਡਾਲਰ ਦਾ ਵਾਧਾ ਹੋਇਆ ਹੈ ਅਤੇ ਉਸ ਦੀ ਕੁੱਲ ਜਾਇਦਾਦ 217 ਬਿਲੀਅਨ ਡਾਲਰ ਹੋ ਗਈ ਹੈ।

ਬਰਨਾਰਡ ਅਰਨੌਲਟ ਦੀ ਸੰਪਤੀ ਵੀਰਵਾਰ ਨੂੰ 2.49 ਅਰਬ ਡਾਲਰ ਘਟ ਕੇ 199 ਅਰਬ ਡਾਲਰ ਰਹਿ ਗਈ। ਇਹ ਫਰਾਂਸੀਸੀ ਅਰਬਪਤੀ, ਜੋ ਇਸ ਸਮੇਂ ਦੁਨੀਆ ਦੇ ਸਭ ਤੋਂ ਅਮੀਰ ਲੋਕਾਂ ਦੀ ਸੂਚੀ ਵਿੱਚ ਤੀਜੇ ਨੰਬਰ ‘ਤੇ ਹੈ, ਕੁਝ ਮਹੀਨੇ ਪਹਿਲਾਂ ਸਭ ਤੋਂ ਅਮੀਰ ਵਿਅਕਤੀ ਸੀ। ਚੌਥੇ ਨੰਬਰ ‘ਤੇ ਮੈਟਾ ਦੇ ਸੀਈਓ ਮਾਰਕ ਜ਼ਕਰਬਰਗ ਹਨ। ਜ਼ੁਕਰਬਰਗ ਦੀ ਕੁੱਲ ਜਾਇਦਾਦ, ਜਿਸ ਨੇ ਵੀਰਵਾਰ ਨੂੰ 2.22 ਅਰਬ ਡਾਲਰ ਦੀ ਕਮਾਈ ਕੀਤੀ, 185 ਅਰਬ ਡਾਲਰ ਤੱਕ ਪਹੁੰਚ ਗਿਆ ਹੈ।

ਏਸ਼ੀਆ ਦੇ ਸਭ ਤੋਂ ਅਮੀਰ ਵਿਅਕਤੀ ਮੁਕੇਸ਼ ਅੰਬਾਨੀ ਇਸ ਰੈਂਕਿੰਗ ਵਿੱਚ ਆਪਣੇ ਹਮਵਤਨ ਗੌਤਮ ਅਡਾਨੀ ਤੋਂ ਕਾਫੀ ਉੱਪਰ ਪਹੁੰਚ ਗਏ ਹਨ। ਰਿਲਾਇੰਸ ਇੰਡਸਟਰੀਜ਼ ਦੇ ਸ਼ੇਅਰ ਪਿਛਲੇ ਤਿੰਨ ਦਿਨਾਂ ਤੋਂ ਵੱਧ ਰਹੇ ਹਨ ਅਤੇ ਹੁਣ ਉਹ 116 ਅਰਬ ਡਾਲਰ ਦੀ ਕੁੱਲ ਜਾਇਦਾਦ ਦੇ ਨਾਲ ਅਡਾਨੀ ਤੋਂ 3 ਸਥਾਨ ਉੱਪਰ 11ਵੇਂ ਸਥਾਨ ‘ਤੇ ਹਨ। ਅਡਾਨੀ 105 ਅਰਬ ਡਾਲਰ ਦੇ ਨਾਲ 14ਵੇਂ ਸਥਾਨ ‘ਤੇ ਹੈ। ਇੰਨਾ ਹੀ ਨਹੀਂ ਅੰਬਾਨੀ ਇਸ ਸਾਲ ਦੁਨੀਆ ‘ਚ ਸਭ ਤੋਂ ਜ਼ਿਆਦਾ ਕਮਾਈ ਕਰਨ ਵਾਲੇ ਜੇਨਸਨ ਹੁਆਂਗ ਤੋਂ ਵੀ ਦੋ ਸਥਾਨ ਉੱਪਰ ਹਨ। ਹੁਆਂਗ 109 ਅਰਬ ਡਾਲਰ ਦੇ ਨਾਲ 13ਵੇਂ ਸਥਾਨ ‘ਤੇ ਹੈ।

# ਆਈਸਕ੍ਰੀਮ ਅਤੇ ਸ਼ਰਬਤ ਬਣਾਉਣ ਦੇ ਢੰਗ







## 01 ਗੋਲਡਨ ਗਲਾਸ (ਸਮੱਗਰੀ)

| | | |
|---|---|---|
| ਪੁਣਿਆ ਹੋਇਆ ਨਿੰਬੂ ਦਾ ਰਸ | : | 3 ਚਮਚੇ |
| ਪੀਸੀ ਹੋਈ ਖੰਡ | : | 5-6 ਚਮਚੇ |
| ਪੀਸੀ ਹੋਈ ਛੋਟੀ ਇਲਾਇਚੀ | : | 2-3 |
| ਘੋਟਿਆ ਹੋਇਆ ਕੇਸਰ | : | 8-10 ਲਟਾਂ |
| ਠੰਡੀ ਸੋਡਾ ਵਾਟਰ ਬੋਤਲ | : | 2 |

**ਢੰਗ-ਤਰੀਕਾ** : ਮਿਕਸੀ ਦੇ ਵੱਡੇ ਜਾਰ ਵਿਚ ਨਿੰਬੂ ਦਾ ਰਸ, ਕੇਸਰ, ਇਲਾਇਚੀ ਪਾਊਡਰ, ਪੀਸੀ ਹੋਈ ਖੰਡ ਪਾਵੋ। ਇਸ ਵਿਚ ਅੱਧਾ ਕੱਪ ਪਾਣੀ ਪਾਕੇ ਚੰਗੀ ਤਰ੍ਹਾਂ ਬਲੈਂਡ ਕਰ ਲਵੋ ਭਾਵ ਮਿਲਾ ਲਵੋ। ਮਨਪਸੰਦ ਦੋ ਵੱਡੇ ਗਲਾਸਾਂ ਵਿਚ ਅਲੱਗ-ਅਲੱਗ ਪਾ ਦੇਵੋ। ਇਸ ਵਿਚ ਚਿੱਲਡ (ਠੰਡਾ) ਸੋਸਵਾਟਰ ਪਾਕੇ ਲੰਬ ਚਮਚੇ ਨਾਲ ਹਿਲਾਕੇ ਮਿਲਾ ਲਵੋ। ਦੇਰ ਕਿਸ ਲਈ ਠੰਡਾ-ਠੰਡਾ ਪਰੋਸ ਦੇਵੋ। ਬਾਦਾਮ ਪਾਕੇ ਹੇਠਾਂ ਲਾਹ ਲਵੋ ਅਤੇ ਠੰਡਾ ਕਰਕੇ ਪਰੋਸੋ।

## 02 ਕੋਕੋ ਆਈਸਿੰਗ (ਸਮੱਗਰੀ)

| | | |
|---|---|---|
| ਆਈਸਿੰਗ ਸ਼ੂਗਰ | : | 1½ ਕੱਪ |
| ਮੱਖਣ | : | 4 ਚਮਚੇ |
| ਕੋਕੋ ਪਾਊਡਰ | : | 1/2 ਚਮਚਾ |
| ਗਰਮ ਪਾਣੀ | : | ਲੋੜ ਅਨੁਸਾਰ |

**ਢੰਗ-ਤਰੀਕਾ** : ਇਹਨਾਂ ਸਾਰਿਆਂ ਨੂੰ ਮਿਲਾ ਲਵੋ ਅਤੇ ਗਰਮ ਪਾਣੀ ਦੀਆਂ ਬੂੰਦਾਂ ਪਾਕੇ ਆਈਸਿੰਗ ਬਣਾਵੋ। ਕੇਕ ਨੂੰ ਵਿਚਕਾਰੋਂ ਕੱਟਕੇ ਵਿਚ ਲਗਾਵੋ ਅਤੇ ਬਾਕੀ ਹਿੱਸਾ ਵਾਪਸ ਉਪਰ ਲਾ ਕੇ ਕੇਕ ਦੇ ਚਾਰੇ ਪਾਸੇ ਆਈਸਿੰਗ ਕਰੋ। ਸਜਾਵਟ ਲਈ ਚੈਰੀ ਅਤੇ ਸਫ਼ੈਦ ਕਰੀਮ ਵਰਤ ਸਕਦੇ ਹੋ।

## 03 ਠੰਡਾ-ਠਾਰ ਹਰਾ ਗਲਾਸ (ਸਮੱਗਰੀ)

| | | |
|---|---|---|
| ਨਿੰਬੂ ਦਾ ਰਸ | : | 3 ਵੱਡੇ ਚਮਚੇ |
| ਖੰਡ | : | 1/2 ਕੱਪ ਜਾਂ ਸਵਾਦ ਅਨੁਸਾਰ |
| ਤਾਜ਼ਾ ਪੁਦੀਨਾ ਪੇਸਟ | : | 1 ਛੋਟਾ ਚਮਚਾ |
| ਕਾਲਾ ਨਮਕ | : | 1/4 ਛੋਟਾ ਚਮਚਾ |
| ਅਦਰਕ ਦਾ ਰਸ | : | 1 ਛੋਟਾ ਚਮਚਾ |
| ਠੰਡਾ ਸੋਡਾਵਾਟਰ | : | 2 ਬੋਤਲ |

ਢੰਗ-ਤਰੀਕਾ : ਮਿਕਸੀ ਦੇ ਵੱਡੇ ਜੱਗ ਵਿਚ ਖੰਡ, ਨਿੰਬੂ ਦਾ ਰਸ, ਪੁਦੀਨਾ ਪੇਸਟ, ਅਦਰਕ ਦਾ ਰਸ ਤੇ ਥੋੜਾ ਜਿਹਾ ਪਾਣੀ ਪਾਕੇ ਚੰਗੀ ਤਰ੍ਹਾਂ ਬੈਲਡ ਕਰੋ ਭਾਵ ਮਿਲਾ ਲਵੋ। ਹੁਣ ਥੋੜੀ ਜਿਹੀ ਕੱਦੂਕਸ਼ ਕੀਤੀ ਜਾਂ ਕੁੱਟੀ ਹੋਈ ਬਰਫ਼ ਪਾਕੇ ਇਕ ਵਾਰੀ ਹੋਰ ਬਲੈਂਡ ਕਰੋ। ਨਮਕ ਵੀ ਪਾ ਦੇਵੋ। ਆਪਣੀ ਪਸੰਦ ਦੇ ਗਲਾਸ ਲਵੋ ਅਤੇ ਉਹਨਾਂ ਵਿਚ ਥੋੜਾ ਜਿਹਾ ਮਿਸ਼ਰਣ ਪਾਵੋ। ਫੇਰ ਚਿੱਲਡ ਸੋਡਾ ਪਾਵੋ ਅਤੇ ਗਲਾਸ ਨੂੰ ਲੋੜ ਅਨੁਸਾਰ ਭਰ ਲਵੋ ਅਤੇ ਪਰੋਸੋ।








## 04 ਫ਼ਰੂਟ ਕੱਾਕਟੇਲ (ਸਮੱਗਰੀ)

| | | |
|---|---|---|
| ਕੱਟਿਆ ਹੋਇਆ ਪਾਈਨੇਪਲ (ਅਨਾਨਾਸ) | : | 1 ਕੱਪ |
| ਤਰਬੂਜ਼ (ਮਤੀਰਾ) ਗੋਲ ਕੱਟਿਆ ਬਿਨਾਂ ਬੀਜ਼ਾ ਦੇ | : | 1 ਕੱਪ |
| ਸਟਰਾਬੈਰੀ ਜ਼ੈਲੀ | : | 2 ਚਮਚੇ |
| ਨਿੰਬੂ ਦਾ ਰਸ | : | 2 ਚਮਚੇ |
| ਸੰਤਰੇ ਦਾ ਜੂਸ | : | 1 ਕੱਪ |
| ਕਰੱਸ਼ਡ (ਕੱਦੂਕਸ਼) ਬਰਫ਼ | : | 2 ਕੱਪ |

**ਢੰਗ-ਤਰੀਕਾ** : ਢੰਗ-ਤਰੀਕਾ : ਮਿਕਸੀ ਦੇ ਜਾਰ ਵਿਚ ਸਾਰਾ ਸਾਮਾਨ ਪਾਕ ਚੰਗੀ ਤਰ੍ਹਾਂ ਸ਼ੇਕ ਕਰ ਲਵੋ। ਸਾਫ਼-ਸੁਥਰੇ ਲੰਬੇ ਫ਼ੈਨਸ਼ੀ ਗਲਾਸਾਂ ਵਿਚ ਪਾਕੇ ਠੰਡਾ-ਠੰਡਾ ਕੱਾਕਟੇਲ ਪੇਸ਼ ਕਰੋ।

## 05 ਕੇਸਰ ਪਿਸਤਾ ਲੱਸ੍ਹੀ (ਸਮੱਗਰੀ)

| | | |
|---|---|---|
| ਦਹੀ ਗਾੜ੍ਹਾ | : | 1 ਕੱਪ |
| ਪਿਸਤਾ | : | ਥੋੜਾ ਜਿਹਾ ਕੁੱਟਿਆ ਹੋਇਆ |
| ਦੁੱਧ | : | 1/2 ਕੱਪ |
| ਕੇਸਰ | : | ਚੁਟਕੀ ਭਰ |
| ਖੰਡ | : | 3-4 ਚਮਚੇ |
| ਪੀਸੀ ਹੋਈ ਛੋਟੀ ਇਲਾਇਚੀ | : | 1/4 ਚਮਚਾ |

**ਢੰਗ-ਤਰੀਕਾ** : ਦਹੀ, ਦੁੱਧ ਅਤੇ ਖੰਡ ਨੂੰ ਮਿਸੀ ਦੇ ਜੱਗ ਵਿਚ ਪਾਕੇ ਸ਼ੇਕ ਕਰ ਲਵੋ। ਇਲਾਇਚੀ ਪਾਊਡਰ ਤੇ ਪਿਸ਼ਤਾ ਅਤੇ ਬਰਫ਼ ਪਾਕੇ ਚੰਗੀ ਤਰ੍ਹਾਂ ਮਿਕਸ ਹੋਣ ਦੇਵੋ। ਪਰੋਸਦੇ ਸਮੇਂ ਕੇਸਰ ਵੀ ਪਾ ਲਵੋ।

## 06 ਹਨੀਮੂਨ ਡਰਿੰਕ (ਸਮੱਗਰੀ)

| | | |
|---|---|---|
| ਪੀਸੀ ਹੋਈ ਬਰਫ਼ | : | ਥੋੜੀ ਜਿਹੀ |
| ਠੰਡਾ ਕੋਕਾ ਕੋਲਾ | : | 1 |
| ਨਿੰਬੂ ਦਾ ਰਸ | : | 1 ਚਮਚਾ |
| ਰੂਹ-ਅਫ਼ਜਾ | : | 1/2 ਚਮਚਾ |
| ਆਈਸ ਕਰੀਮ | : | 1 ਸਕੂਪ (ਪਲਾਂ) |

**ਢੰਗ-ਤਰੀਕਾ** : ਇਕ ਗਲਾਸ ਵਿਚ ਸਭ ਤੋਂ ਪਹਿਲਾਂ ਕੱਦੂਕਸ਼ ਕੀਤੀ ਬਰਫ਼ ਪਾਵੋ। ਇਸ ਵਿਚ ਨਿੰਬੂ ਦਾ ਰਸ ਪਾਵੋ। ਗਲਾਸ ਨੂੰ 3/4 ਕੋਕਾ ਕੋਲਾ ਨਾਲ ਭਰ ਦੇਵੋ। ਇਸ ਵਿਚ ਆਈਸ ਕਰੀਮ ਪਾਵੋ। ਰੂਹ-ਅਫ਼ਜਾ ਪਾਕੇ ਪਰੋਸੋ।







# WHITE ROSE BUILDERS

*We do not build houses, We create homes...*

*Proudly Celebrating*

## 20 Years in Business

# DREAMLINE
HOMES

Turning dreams into reality

- Free Design*
- New Homes
- Design & Build
- Sub Division
- Additions
- Alterations
- Renovations
- Residential
- Commercial

- Fixed Price Contract - On Time Completion - No Hidden Costs

LICENSED BUILDING PRACTITIONER
www.dbh.govt.nz
BUILDING CONFIDENCE

New Zealand Certified Builders Association
NZCB
20 Years of
Turning Dreams Into Reality

Halo
10 YEAR RESIDENTIAL GUARANTEE INSURANCE

100% NZ
OWNED & OPERATED

138P, Plunket Ave, P O Box 76-879 Manukau-2241, New Zealand

+64 9 271 3162 +64 274 483 758 info@dreamline.co.nz www.dreamline.co.nz